# ਦੇਸ਼ ਦੁਆਬਾ

VOL - 3 ISSUE - 13
September 25, 2014

Postal Address
5101 Doe Hollow Pl, Antelope, CA-95843

www.deshdoaba.com
www.ambedkartimes.com




ਇੰਟਰਨੈਸ਼ਨਲ ਕਬੱਡੀ ਕੱਪ 2014 ਦੇ ਝਲਕਾਰੇ ਦੇਖੋ ਸਫਾ 10 ਅਤੇ 11 ਤੇ

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਲੰਡਨ ਸਕੂਲ ਆਫ਼ ਇਕਨਾਮਿਕਸ ਵਿਚ ਪੜ੍ਹਾਈ ਦੌਰਾਨ 1921-22 ਵਿਚ ਰਿਹਾ ਕਰਦੇ ਸਨ ਡਾ: ਬੀ ਆਰ ਅੰਬੇਦਕਰ



ਮਹਾਂਰਾਸ਼ਟਰ ਸਰਕਾਰ ਵਲੋਂ ਲੰਡਨ ਵਿਚ ਸਥਿਤ ਡਾ: ਅੰਬੇਦਕਰ ਨਾਲ ਸਬੰਧਿਤ ਇਤਿਹਾਸਕ ਇਮਾਰਤ/ ਘਰ ਜਿਸ ਵਿਚ ਡਾ: ਭੀਮ ਰਾਓ ਅੰਬੇਦਕਰ 1920-21 ਲੰਡਨ ਸਕੂਲ ਆਫ਼ ਇਕਨਾਮਿਕਸ ਵਿਚ ਪੜ੍ਹਦੇ ਸਮੇਂ ਰਿਹਾ ਕਰਦੇ ਸਨ। ਕਿੰਗ ਹੈਨਰੀ ਰੋਡ 'ਤੇ ਸਥਿਤ 2050 ਵਰਗ ਫੁੱਟ 'ਚ ਉਸਾਰੀ ਗਈ ਇਹ ਇਮਾਰਤ ਦੀ ਕੀਮਤ ਲਗਭਗ 31 ਲੱਖ ਪੌਂਡ (ਲਗਭਗ 40 ਕਰੋੜ ਰੁਪਏ) ਹੈ। ਇਸ ਸਬੰਧ ਵਿਚ ਯੂ. ਕੇ. ਦੀ ਇੱਕ ਸੰਸਥਾ ਫੈਡਰੇਸ਼ਨ ਆਫ਼ ਅੰਬੇਦਕਰਾਇਟਸ ਐਂਡ ਬੁੱਧਿਸ਼ਟ ਆਰਗੇਨਾਈਜੇਸ਼ਨ ਵਲੋਂ ਮਹਾਂਰਾਸ਼ਟਰ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਇੱਕ ਪੱਤਰ ਲਿਖਿਆ ਜਿਸ ਵਿਚ ਇਹ ਘਰ ਖਰੀਦ ਕੇ ਬਾਬਾ ਸਾਹਿਬ ਅੰਬੇਦਕਰ ਦੀ ਯਾਦਗਾਰ ਬਣਾਈ ਜਾ ਸਕੇ। 1985 ਈ: ਤੋਂ ਸਥਾਪਿਤ ਐਫ ਏ ਬੀ ਓ ਦੇ ਜਨਰਲ ਸਕੱਤਰ ਅਰੁਣ ਕੁਮਾਰ ਅਤੇ ਪ੍ਰਧਾਨ ਮਿਸ ਸੰਤੋਸ਼ ਦਾਸ ਨੇ ਯੂ. ਕੇ. ਤੋਂ ਦੱਸਿਆ ਕਿ ਇਸ ਘਰ ਦੇ ਸੇਲ ਤੇ ਲੱਗਣ ਦਾ ਪਤਾ ਲੱਗਣ ਤੇ ਇਸਨੂੰ ਮਹਾਂਰਾਸ਼ਟਰ ਸਰਕਾਰ ਦੇ ਧਿਆਨ ਵਿਚ ਲਿਆਂਦਾ ਗਿਆ। ਜਿਸ ਤੇ ਗੌਰ ਕਰਦਿਆਂ ਮਹਾਂਰਾਸ਼ਟਰ ਸਰਕਾਰ ਵਲੋਂ ਇਸ ਨੂੰ ਖਰੀਦਣ ਦੀ ਪ੍ਰਵਾਨਗੀ ਦਿੱਤੀ । ਜਲ ਸਰੋਤ ਸਾਂਭ ਸੰਭਾਲ ਮੰਤਰੀ ਅਤੇ ਦਲਿਤ ਆਗੂ ਨਿਤਿਨ ਰਾਉਤ ਨੇ ਇਸ ਸਬੰਧੀ 612+ ਦੀ ਇਸ ਭੂਮਿਕਾ ਦੀ ਸ਼ਲਾਘਾ ਕੀਤੀ ਤੇ ਪੂਰਾ ਭਰੋਸਾ ਦੇ ਕੇ ਇਸ ਉਦੇਸ਼ ਨੂੰ ਨੇਪਰੇ ਚਾੜ੍ਹਨ ਦਾ ਭਰੋਸਾ ਦਿੱਤਾ ਸੀ। ਸਮਾਜਿਕ ਨਿਆਂ ਰਾਜ ਮੰਤਰੀ ਸ਼ਿਵਾਜੀ ਰਾਓ ਮੋਘੇ ਦੁਆਰਾ ਇਸ ਨੂੰ ਪ੍ਰਵਾਨਗੀ ਦਿੱਤੀ ਗਈ।

ਐਫ ਏ ਬੀ ਓ ਦੇ ਜਨਰਲ ਸਕੱਤਰ ਅਰੁਣ ਕਮਾਰ ਨੇ ਦੱਸਿਆ ਕਿ ਇਸ ਸੰਗਠਨ ਵਲੋਂ ਹੋਰ ਬਾਬਾ ਸਾਹਿਬ ਨਾਲ ਸਬੰਧਿਤ ਗਤੀਵਿਧੀਆਂ ਵਿਚ ਵਧ ਚੜ੍ਹ ਕੇ ਯੋਗਦਾਨ ਪਾਇਆ ਜਾਂਦਾ ਹੈ। ਸੰਗਠਨ ਵਲੋਂ ਲੰਡਨ ਸਕੂਲ ਆਫ਼ ਇਕਨਾਮਿਕਸ ਵਿਚ ਵੀ ਬਾਬਾ ਸਾਹਿਬ ਜੀ ਦਾ ਬੁੱਤ ਸਥਾਪਿਤ ਕੀਤਾ ਹੈ। ਇਸ ਤਰ੍ਹਾਂ ਹੀ ਕੋਲੰਬੋ ਯੂਨੀਵਰਸਿਟੀ ਅਤੇ ਹਾਈ ਕਮਿਸ਼ਨ ਆਫ਼ ਇਡੀਆ ਵਿਖੇ ਵੀ ਬੁੱਤਾਂ ਦੀ ਸਥਾਪਿਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਇਮਾਰਤ ਨੂੰ ਇੱਕ ਵਿਦਿਅਕ ਕੇਂਦਰ ਬਣਾਇਆ ਜਾਵੇਗਾ। ਬਾਬਾ ਸਾਹਿਬ ਵਲੋਂ ਮਨੁੱਖੀ ਅਧਿਕਾਰਾਂ ਵਾਸਤੇ ਕੀਤੇ ਵੱਡੇ ਕੰਮਾਂ ਨੂੰ ਯਾਦ ਕੀਤਾ ਜਾਵੇਗਾ। ਦੁਨੀਆਂ ਦੇ ਮਹਾਨ ਲੋਕਾਂ ਨੇ

(ਬਾਕੀ ਸਫਾ 8 ਤੇ)

# ਭਾਰਤ ਨੇ ਸਿਰਜਿਆ ਨਵਾਂ ਇਤਿਹਾਸ



ਬੰਗਲੌਰ- ਭਾਰਤ ਨੇ ਆਪਣਾ ਪੁਲਾੜ ਵਾਹਨ (ਮਾਰਜ਼ ਅਰਬਿਟਰ ਮਿਸ਼ਨ) ਮੰਗਲਯਾਨ ਪਹਿਲੀ ਕੋਸ਼ਿਸ਼ 'ਚ ਹੀ ਲਾਲ ਗ੍ਰਹਿ ਦੀ ਪਰਿਕਰਮਾ 'ਤੇ ਪਾ ਕੇ ਇਤਿਹਾਸ ਸਿਰਜ ਦਿੱਤਾ ਹੈ। ਇਸ ਤਰ੍ਹਾਂ ਭਾਰਤ ਤਿੰਨ ਦੇਸ਼ਾਂ ਦੇ ਕੁਲੀਨ ਗਰੁੱਪ ਵਿੱਚ ਸ਼ਾਮਲ ਹੋ ਗਿਆ ਹੈ। ਸਵੇਰੇ 7.17 ਵਜੇ ਤੋਂ 24 ਮਿੰਟਾਂ ਦੇ ਅੰਦਰ ਹੀ ਭਾਰਤੀ ਪੁਲਾੜ ਸੰਸਥਾ 'ਇਸਰੋ' ਦੇ ਵਿਗਿਆਨੀਆਂ ਨੇ ਮੇਨ 440 ਨਿਊਟਨ ਲਿਕੁਇਡ ਐਪੋਜੀ ਮੋਟਰ (ਐਲਏਐਮ) ਅਤੇ ਅੱਠ ਛੋਟੇ ਥ੍ਰਸਟਰਾਂ ਨੂੰ ਦਾਗ ਕੇ ਮੰਗਲਯਾਨ ਦੀ ਰਫ਼ਤਾਰ ਮੱਧਮ ਕਰ ਦਿੱਤੀ ਅਤੇ ਇਸ ਨੂੰ ਮੰਗਲ ਗ੍ਰਹਿ ਦੀ ਪਰਿਕਰਮਾ 'ਤੇ ਪਾ ਦਿੱਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਇਹ ਨਜ਼ਾਰਾ ਤੱਕਿਆ ਅਤੇ ਬਾਅਦ ਵਿੱਚ ਉਨ੍ਹਾਂ ਆਪਣ ਇਕ ਟਵੀਟ ਵਿੱਚ ਕਿਹਾ,"ਅੱਜ ਮੌਮ (ਐਮ.ਓਐਮ) ਮੰਗਲ ਨਾਲ ਮਿਲ ਗਿਆ। ਇਸ ਮਿਸ਼ਨ ਦਾ ਸੰਖੇਪ ਨਾਂ ਮੌਮ ਹੈ ਅਤੇ ਮੈਨੂੰ ਯਕੀਨ ਸੀ ਕਿ ਮੌਮ ਸਾਨੂੰ ਨਿਰਾਸ਼ ਨਹੀਂ ਕਰੇਗਾ।" ਇੱਥੇ ਇਸਰੋ ਦੇ ਕਮਾਂਡ ਸੈਂਟਰ ਵਿੱਚ ਲਾਲ ਰੰਗ ਦੀ ਜੈਕਟ ਪਹਿਨ ਕੇ ਆਏ ਸ੍ਰੀ ਮੋਦੀ ਨੇ 450 ਕਰੋੜ ਰੁਪਏ ਦੇ ਮਿਸ਼ਨ ਨੂੰ ਸਫ਼ਲ ਕਰਾਰ ਦਿੱਤਾ। ਲਗਪਗ ਇਕ ਸਾਲ ਦੇ ਸਫ਼ਰ ਤੋਂ ਬਾਅਦ ਮੰਗਲਯਾਨ ਲਾਲ ਗ੍ਰਹਿ ਦੀ ਪਰਿਕਰਮਾ 'ਤੇ ਪੁੱਜ ਗਿਆ ਹੈ। 1350 ਕਿਲੋਗ੍ਰਾਮ ਭਾਰਾ ਇਹ ਪੁਲਾੜ ਵਾਹਨ ਜਦੋਂ ਆਪਣੇ ਟਿਕਾਣੇ 'ਤੇ ਪੁੱਜਿਆ ਤਾਂ ਵਿਗਿਆਨੀ ਖੁਸ਼ੀ ਨਾਲ ਉਛਲ ਪਏ ਅਤੇ ਉਨ੍ਹਾਂ ਇਕ-ਦੂਜੇ ਨੂੰ ਵਧਾਈ ਦਿੱਤੀ। ਇਸ ਦਾ 666 ਮਿਲੀਅਨ ਕਿਲੋਮੀਟਰ ਲੰਮਾ ਸਫ਼ਰ ਪਿਛਲੇ ਸਾਲ 5 ਨਵੰਬਰ ਤੋਂ ਸ਼ੁਰੂ ਹੋਇਆ ਸੀ।





ਮੰਗਲਯਾਨ ਦੀ ਸਫ਼ਲਤਾ ਨਾਲ ਭਾਰਤ ਪਹਿਲੀ ਕੋਸ਼ਿਸ਼ 'ਚ ਹੀ ਮੰਗਲ ਗ੍ਰਹਿ 'ਤੇ ਪੁੱਜਣ ਵਾਲਾ ਪਹਿਲਾ ਦੇਸ਼ ਬਣ ਗਿਆ ਹੈ। ਯੂਰਪੀ, ਅਮਰੀਕੀ ਅਤੇ ਰੂਸੀ ਟੋਹੀ ਵਾਹਨ ਮੰਗਲ ਦੀ ਪਰਿਕਰਮਾ ਜਾਂ ਸਤਹ 'ਤੇ ਪੁੱਜ ਗਏ ਸਨ ਪਰ ਕਈ ਕੋਸ਼ਿਸ਼ਾਂ ਬਾਅਦ ਹੀ ਉਨ੍ਹਾਂ ਨੂੰ ਸਫ਼ਲਤਾ ਮਿਲੀ ਸੀ। 2011 ਵਿੱਚ ਮੰਗਲ ਲਈ ਚੀਨ ਦਾ ਪਹਿਲਾ ਮਿਸ਼ਨ ਯਿੰਗਹੋ-1 ਫੇਲ੍ਹ ਹੋ ਗਿਆ ਸੀ। 1998 ਵਿੱਚ ਜਪਾਨੀ ਮਿਸ਼ਨ ਤੇਲ ਖਤਮ ਹੋਣ ਕਾਰਨ ਗਵਾਚ ਗਿਆ ਸੀ।

ਸ੍ਰੀ ਮੋਦੀ ਨੇ ਕਿਹਾ ਕਿ ਜਿਸ ਤਰ੍ਹਾਂ ਕ੍ਰਿਕਟ ਮੈਚ ਜਿੱਤਣ 'ਤੇ ਸਾਰਾ ਦੇਸ਼ ਖੁਸ਼ੀ ਮਨਾਉਂਦਾ ਹੈ ਉਸ ਤਰ੍ਹਾਂ ਇਸ ਸਫ਼ਲਤਾ ਦਾ ਵੀ ਜਸ਼ਨ ਮਨਾਇਆ ਜਾਣਾ ਚਾਹੀਦਾ ਹੈ। ਵਿਦਿਅਕ ਅਦਾਰਿਆਂ ਨੂੰ ਚਾਹੀਦਾ ਹੈ ਕਿ ਉਹ ਵਿਦਿਆਰਥੀਆਂ ਨੂੰ ਇਸ ਮਿਸ਼ਨ ਬਾਰੇ ਮੁਕੰਮਲ ਜਾਣਕਾਰੀ ਦੇਣ। ਵਿਦਿਅਕ ਅਦਾਰਿਆਂ ਵਿੱਚ ਇਸ ਸਬੰਧੀ ਵਿਸ਼ੇਸ਼ ਸਮਾਗਮ ਹੋਣੇ ਚਾਹੀਦੇ ਹਨ। ਉਨ੍ਹਾਂ ਇਸਰੋ ਨੂੰ ਹਰੇਕ ਤਰ੍ਹਾਂ ਦੀ ਮਦਦ ਦਾ ਪੂਰਾ ਭਰੋਸਾ ਦਿੱਤਾ।

**ਨਾਸਾ ਵੱਲੋਂ ਭਾਰਤੀ ਕਾਮਯਾਬੀ ਦਾ ਸਵਾਗਤ**

ਨਵੀਂ ਦਿੱਲੀ: ਮੰਗਲਯਾਨ ਦੇ ਮੰਗਲ ਦੀ ਪਰਿਕਰਮਾ 'ਤੇ ਪੈਣ ਮਗਰੋਂ ਨਾਸਾ ਦੇ 2012 ਦੇ ਮਿਸ਼ਨ ਕਿਊਰਿਓਸਟੀ ਨੇ ਇਸਰੋ ਦੇ ਇਸ ਮਾਰਜ਼ ਆਰਬਿਟਰ ਦਾ ਸਵਾਗਤ ਨਾਸਾ ਦੇ ਮੰਗਲ ਗ੍ਰਹਿ ਮਿਸ਼ਨ ਦੇ ਟਵਿੱਟਰ ਹੈਂਡਲ 'ਤੇ ਇਹ ਸੰਦੇਸ਼ ਭੇਜਿਆ ਗਿਆ,"ਨਮਸਤੇ ਮਾਰਜ਼ ਆਰਬਿਟਰ!

ਇਸਰੋ ਨੂੰ ਮੁਬਾਰਕਵਾਦ ਤੇ ਭਾਰਤ ਦਾ ਪਹਿਲਾ ਅੰਤਰ ਗ੍ਰਹਿ ਮਿਸ਼ਨ ਮੰਗਲ ਦੀ ਪਰਿਕਰਮਾ 'ਤੇ ਪੁੱਜਿਆ ਹੈ।" ਇਸ ਖੁਸ਼ੀ ਦਾ ਪ੍ਰਗਟਾਵਾ ਇਸ ਕਰ ਕੇ ਵੀ ਕੀਤਾ ਗਿਆ ਕਿਉਂਕਿ ਦੂਜੇ ਦੇਸ਼ਾਂ ਦੇ ਮੁਕਾਬਲੇ ਭਾਰਤ ਦਾ ਬਹੁਤ ਘੱਟ ਖਰਚਾ ਆਇਆ ਹੈ।

## ਮਰਸਿਡ ਵਿਖੇ ਕਾਮਾਗਾਟਾਮਾਰੂ ਸ਼ਤਾਬਦੀ ਮੌਕੇ ਹੋਏ ਸਮਾਗਮ ਦੌਰਾਨ ਗਦਰੀ ਬਾਬਿਆਂ ਨੂੰ ਸ਼ਰਧਾਜਲੀਆ ਭੇਟ




**Prime Real Estate Services**



**Kulwinder Singh Realtor**

Liquor store for sale in Manteca Area.
For more info Call: 510- 676-8041

* Private Lender * Hard Money Loan
* Short Sale Specialist * Buy or Sell Real Estate

DRE # 01763465 Email: Kelvindjhamat@yahoo.com

679 N. Palora Ave. #C Yuba City, CA 95991



RAMESH SUMAN
Broker Realtor
RCS-D TM

**MAJESTIC HOMES**

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

**SAROAY INVESTMENT REALTY**



Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

**Amrik Chand (CPA)**



Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for
Professional & reliable
services at reasonable rates.

959 Corporate Way, Fremont, CA. 94539

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਹਫਤਾਵਾਰੀ ਪ੍ਰੋਗਰਾਮਾਂ ਲਈ ਸੰਗਤਾਂ 'ਚ ਭਾਰੀ ਉਤਸ਼ਾਹ














ਯੂਬਾ ਸਿਟੀ (ਦਿਲਵਿੰਦਰ ਰੱਲ੍ਹ)- ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੀਫੋਰਨੀਆ) ਵਿਖੇ ਹਰ ਐਤਵਾਰ (ਹਫਤਾਵਾਰੀ) ਪ੍ਰੋਗਰਾਮਾਂ ਦੌਰਾਨ ਦੀਵਾਨ ਸਜਾਏ ਜਾਂਦੇ ਹਨ, ਜਿਸ ਦੌਰਾਨ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਕੁਲਵਿੰਦਰ ਸਿੰਘ ਜੀ ਦੇ ਨਾਲ ਸਮੇਂ ਸਮੇਂ ਅਲੱਗ ਅਲੱਗ ਗ੍ਰੰਥੀ ਸਿੰਘ ਸਾਹਿਬਾਨ ਅਤੇ ਕਥਾਵਾਚਕ ਗੁਰਬਾਣੀ ਦੀ ਮਹਿਮਾ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ।

ਸੰਗਤਾਂ ਆਪਣੇ ਅਨੇਕਾਂ ਰੁਝੇਵਿਆਂ ਦੇ ਬਾਵਜੂਦ ਗੁਰੂ ਘਰ ਨਾਲ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਸਦਕਾ ਜੁੜੀਆਂ ਹੀ ਨਹੀਂ ਬਲਕਿ ਆਪਣੀ ਨੇਕ ਕਮਾਈ 'ਚੋਂ ਵਿੱਤ ਅਨੁਸਾਰ ਧਨ ਨਾਲ ਵੀ ਸੇਵਾ ਕਰਦੀਆਂ ਹਨ। ਇਹਨਾਂ 'ਚ 14 ਸਤੰਬਰ ਦਿਨ ਐਤਵਾਰ ਦੇ ਦੀਵਾਨ ਅਤੇ ਲੰਗਰ ਸੇਵਾ ਅੱਸੂ ਦੀ ਸੰਗਰਾਂਦ ਮੌਕੇ ਹਰਪਾਲ ਸਿੰਘ ਸੰਘਾ ਤੇ ਉਹਨਾਂ ਦੇ ਪਰਿਵਾਰ ਵੱਲੋਂ ਕੀਤੀ ਗਈ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਉਹਨਾਂ ਦਾ ਇਸ ਸੇਵਾ ਦੇ ਧੰਨਵਾਦ ਵਜੋਂ ਸਿਰੋਪਾਓ ਨਾਲ ਸਨਮਾਨ ਕੀਤਾ। ਇਸ ਦੇ ਨਾਲ ਹੀ ਆਪਣੀ ਪ੍ਰੰਪਰਾ ਬਰਕਰਾਰ ਰੱਖਦਿਆਂ ਅਮਰੀਕਾ ਦੀ ਸਿਟੀਜ਼ਨਸ਼ਿਪ ਹਾਸਲ ਕਰਨ ਵਾਲੇ ਮਾਸਟਰ ਸਵਰਨ ਸਿੰਘ ਜੀ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। 21 ਸਤੰਬਰ ਦਿਨ ਐਤਵਾਰ ਨੂੰ ਸਜਾਏ ਗਏ ਕੀਰਤਨ ਦਰਬਾਰ 'ਚ ਵੀ ਸੰਗਤਾਂ ਨੇ ਭਾਰੀ ਗਿਣਤੀ ਵਿਚ ਹਾਜ਼ਰੀਆਂ ਲਗਵਾ ਕੇ ਗੁਰੂ ਸਾਹਿਬਾਨ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ। ਇਸ ਦਿਨ ਵਾਲਗ੍ਰੀਨ ਯੂਬਾ ਸਿਟੀ ਵੱਲੋਂ ਗੁਰੂ ਘਰ ਵਿਖੇ ਫਰੀ ਫਲ੍ਹੂ ਸ਼ਾਟ ਕੈਂਪ ਲਗਵਾਇਆ ਗਿਆ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਵੀ ਵਾਲਗ੍ਰੀਨ ਤੇ ਉਹਨਾਂ ਵੱਲੋਂ ਆਏ ਕਰਮਚਾਰੀਆਂ ਦਾ ਵੀ ਧੰਨਵਾਦ ਕੀਤਾ।

ਅੱਜ ਦੇ ਦੀਵਾਨ ਅਤੇ ਲੰਗਰ ਦੀ ਸੇਵਾ ਸ: ਮਨਪ੍ਰੀਤ ਸਿੰਘ ਤੇ ਰਾਜਵਿੰਦਰ ਕੌਰ ਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਕੀਤੀ ਗਈ। ਗੁਰੂ ਘਰ ਵੱਲੋਂ ਉਹਨਾਂ ਦਾ ਵੀ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਇਹਨਾਂ ਤੋਂ ਇਲਾਵਾ ਸਵਪਨੀਲ, ਅਨੂ ਗੋਇਲ, ਗੁਰਜਿੰਦਰ ਕੌਰ, ਕਮਲਜੀਤ ਰਾਏ ਅਤੇ ਅਸ਼ਿਵ ਸ਼ਰਮਾ ਦਾ ਵੀ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।

ਸਟੇਜ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਜੀ, ਪ੍ਰਸ਼ਾਦ ਦੀ ਸੇਵਾ ਭਾਈ ਜੋਗਾ ਸਿੰਘ ਜੀ ਅਤੇ ਫੋਟੋਗ੍ਰਾਫੀ ਸ੍ਰੀ ਦਿਲਵਿੰਦਰ ਰੱਲ੍ਹ ਨੇ ਬਾਖੂਬੀ ਨਾਲ ਨਿਭਾਈ। ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਤੇ ਚੇਅਰਮੈਨ ਸ੍ਰੀ ਪ੍ਰਸ਼ੋਤਮ ਸੂਦ ਤੇ ਸਮੂਹ ਕਮੇਟੀ ਵੱਲੋਂ ਨਿਮਰਤਾ ਸਹਿਤ ਸੰਗਤਾਂ ਨੂੰ ਬੇਨਤੀ ਕੀਤੀ ਗਈ ਕਿ ਗੁਰੂ ਘਰ ਦੀ ਨਵੀਂ ਬਿਲਡਿੰਗ ਲਈ ਵੱਧ ਤੋਂ ਵੱਧ ਸਹਿਯੋਗ ਕਰਨ ਜੀ।

# ਕੈਲੇਫੋਰਨੀਆ ਦੇ ਸ਼ਹਿਰ ਟਰੇਸੀ ਵਿਚ ਪ੍ਰਭੂ ਯੀਸੂ ਮਸੀਹ ਦੀ ਜੈ ਜੈ ਕਾਰ ਹੋਈ












ਟਰੇਸੀ (ਬਿਊਰੋ)- ਬੀਤੀ 20 ਸਤੰਬਰ ਨੂੰ ਟਰੇਸੀ ਦੇ ਸੰਸਾਰ ਇੰਡੀਅਨ ਕੁਜ਼ੀਨ ਦੇ ਬੈਂਕੁਇਟ ਹਾਲ ਵਿਚ ਇਸਾਈ ਭਾਈਚਾਰੇ ਵੱਲੋਂ ਇਕ ਸਮਾਗਮ ਕੀਤਾ ਗਿਆ, ਜਿਸ ਦਾ ਨਾਂ ਮਿਰੈਕਲ ਐਂਡ ਹੀਲਿੰਗ ਕਰਸਡ ਰੱਖਿਆ ਗਿਆ ਸੀ। ਇਸ ਵਿਚ ਵੱਖ ਵੱਖ ਸ਼ਹਿਰਾਂ ਤੋਂ 200 ਦੇ ਕਰੀਬ ਮਹਿਮਾਨ ਸ਼ਾਮਲ ਹੋਏ। ਇਸ ਪ੍ਰੋਗਰਾਮ ਵਿ ਹਰ ਇਕ ਧਰਮ ਦੇ ਲੋਕ ਸ਼ਾਮਲ ਹੋਏ।

ਇਸ ਪ੍ਰੋਗਰਾਮ ਵਿਚ ਦੁਖੀ ਲੋਕਾਂ ਲਈ ਪ੍ਰਾਰਥਨਾਵਾਂ ਕੀਤੀਆਂ ਗਈਆਂ। ਪ੍ਰੋਗਰਾਮ ਵਿਚ ਵੱਖ ਵੱਖ ਚਰਚਾਂ ਦੇ ਪਾਦਰੀ, ਪਾਸਵਾਨ ਆਏ ਜਿਹਨਾਂ ਨੇ ਪ੍ਰਭੂ ਯੀਸ਼ੂ ਮਸੀਹ ਬਾਰੇ ਲੋਕਾਂ ਨੂੰ ਦੱਸਿਆ। ਪਾਸਟਰ ਬਲਵੀਰ ਸ਼ੁੱਭਕਰਮ ਜੋ ਕਿ ਯੂਬਾ ਸਿਟੀ ਤੋਂ ਆਏ ਸਨ, ਨੇ ਆਪਣੇ ਸੰਦੇਸ਼ ਵਿਚ ਦੱਸਿਆ ਕਿ ਪ੍ਰਭੂ ਯੀਸ਼ੂ ਦਾ ਨਾਂ ਕਿਵੇਂ ਸਾਨੂੰ ਦੁੱਖਾਂ ਤੋਂ ਆਜ਼ਾਦ ਕਰਦਾ ਹੈ। ਪ੍ਰਭੂ ਯੀਸ਼ੂ ਮਸੀਹ ਦਾ ਨਾਮ ਸਾਨੂੰ ਕਿਵੇਂ ਮੁਕਤੀ ਦਾ ਰਾਹ ਦਿਖਾਉਂਦਾ ਹੈ। ਇਸ ਮੌਕੇ ਤੇ ਕਾਫੀ ਲੋਕਾਂ ਨੇ ਪ੍ਰਭੂ ਯੀਸ਼ੂ ਮਸੀਹ ਨੂੰ ਆਪਣਾ ਮੁਕਤੀਦਾਨ ਮੰਨਿਆ। ਇਸ ਪ੍ਰੋਗਰਾਮ ਦੇ ਮੁੱਖ ਸਪਾਂਸਰ, ਰਜ਼ਾਕ ਸੋਹਨ ਅਤੇ ਭੈਣ ਮੋਨਿਕਾ ਜੋਹਨ ਸਨ। ਪ੍ਰੋਗਰਾਮ ਨੂੰ ਗਾਇਕ ਚੰਦਨ ਸਿੰਘ ਨੇ ਬਹੁਤ ਹੀ ਵਧੀਆ ਤਰੀਕੇ ਨਾਲ ਨਿਭਾਇਆ ਅਤੇ ਆਪਣੇ ਮਸੀਹੀ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਪ੍ਰੋਗਰਾਮ ਵਿਚ ਆਏ ਹੋਏ ਸਾਰੇ ਚਰਚਾਂ ਦੇ ਕਲਾਕਾਰਾਂ ਨੇ ਧਾਰਮਿਕ ਗੀਤ ਗਾਏ। ਅਮਰਜੀਤ ਲਾਲੀ ਵੱਲੋਂ ਵੀ ਗੀਤ ਗਾਏ ਗਏ। ਬੀਨਾ ਸਾਗਰ ਵੱਲੋਂ ਵੀਡੀਓ ਦੀ ਸੇਵਾ ਕੀਤੀ ਗਈ। ਪੁਨੀਤ ਰੰਧਾਵਾ ਵੱਲੋਂ ਮਿਊਜ਼ਿਕ ਦੀ ਸੇਵਾ ਕੀਤੀ ਗਈ।ਪ੍ਰੋਗਰਾਮ ਦੇ ਅੰਤ ਵਿਚ ਸਾਰਿਆਂ ਨੇ ਮਿਲ ਕੇ ਸਰਬੱਤ ਦੇ ਭਲੇ ਲਈ ਪ੍ਰਾਰਥਨਾ ਕੀਤੀ।

# ਸ੍ਰੀ ਗੁਰੂ ਰਵਿਦਾਸ ਟੈਂਪਲ ਸੈਕਰਾਮੈਂਟੋ ਵਿਖੇ ਹਫਤਾਵਾਰੀ ਪ੍ਰੋਗਰਾਮ












ਰਿਓਲਿੰਡਾ, ਸੈਕਰਾਮੈਂਟੋ- ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ ਗੁਰੂ ਘਰ ਵਿਖੇ ਦਿਨ ਸ਼ੁੱਕਰਵਾਰ ਨੂੰ ਰੱਖੇ ਗਏ ਅਖੰਡ ਪਾਠ ਸਾਹਿਬ ਜੀ ਦੇ ਭੋਗ ਬੀਤੇ ਦਿਨੀਂ ਐਤਵਾਰ ਨੂੰ ਪਾਏ ਗਏ। ਅਖੰਡ ਪਾਠ ਸਾਹਿਬ ਦੀ ਸੇਵਾ ਜੋਗਿੰਦਰ ਮੱਲ ਅਤੇ ਪਰਿਵਾਰ ਜੋ ਬਹੁਤ ਹੀ ਦਾਨੀ ਸੱਜਣ ਹਨ, ਵੱਲੋਂ ਕੀਤੀ ਗਈ। ਇਸ ਦਿਨ ਗੁਰੂ ਘਰ ਦਾ ਹਜ਼ੂਰੀ ਜਥਾ ਭਾਈ ਜਸਪਾਲ ਸਿੰਘ ਅਤੇ ਭਾਈ ਨਿਰਮਲ ਸਿੰਘ, ਭਾਇ. ਮੋਹਣ ਸਿੰਘ ਕੰਗਰੋੜ ਦਾ ਢਾਡੀ ਜਥਾ, ਭਾਈ ਧਰਮਿੰਦਰ ਸਿੰਘ ਜਥਾ ਸਿਆਟਲ ਵਾਲਿਆਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਦਿਨ ਅਸੈਂਬਲੀ ਮੈਨ ਡਾ. ਰਿਚਰਡ ਪੈਨ ਗੁਰੂ ਘਰ ਵਿਖੇ ਵਿਸ਼ੇਸ਼ ਤੌਰ ਤੇ ਪਹੁੰਚੇ। ਡਾ. ਰਿਚਰਡ ਪੈਨ ਦਾ ਜਸਵਿੰਦਰ ਬੰਗਾ ਅਤੇ ਹੰਸ ਰਾਜ ਕਾਜਲਾ ਨੇ ਰਿਚਰਡ ਪੈਨ ਦਾ ਧੰਨਵਾਦ ਕੀਤਾ। ਯੂਨਾਈਟਿਡ ਅਵੇਅਰਨੈਸ ਕਮੇਟੀ ਵੱਲੋਂ ਰਿਚਰਡ ਪੈਨ ਨੂੰ 501 ਡਾਲਰ ਭੇਂਟ ਕੀਤਾ। ਅੰਤ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਿਆ।

ਰਾਜ ਸੂਦ ਸਕੱਤਰ ਨੇ ਸਟੇਜ ਦੀ ਸੇਵਾ ਨਿਭਾਈ। ਅਖੰਡ ਪਾਠ ਦੀ ਸੇਵਾ ਭਾਈ ਸ੍ਰੀ ਜੋਗਿੰਦਰ ਮੱਲੂ ਨੂੰ ਗੁਰੂ ਘਰ ਵੱਲੋਂ ਸਿਰੋਪਾ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਮਾਈਕ ਹੋਠੀ ਅਤੇ ਰਿਚਰਡ ਪੈਨ ਨੂੰ ਵੀ ਸਿਰੋਪਾ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ! ਅਖੀਰ ਵਿਚ ਗੁਰੂ ਘਰ ਦੇ ਚੇਅਰਮੈਨ ਨੇ 5 ਅਕਤੂਬਰ ਨੂੰ ਗੁਰੂ ਘਰ ਦਾ 23ਵਾਂ ਸਥਾਪਨਾ ਦਿਵਸ ਤੇ ਸਮੂਹ ਸੰਗਤ ਨੂੰ ਪਰਿਵਾਰਾਂ ਸਮੇਤ ਪਹੁੰਚਣ ਦੀ ਨਿਮਰਤਾ ਸਹਿਤ ਬੇਨਤੀ ਕੀਤੀ। ਇਹ ਜਾਣਕਾਰੀ ਜਸਵੰਤ ਜੱਸੀ ਸ਼ੀਮਾਰ (916-243-6010) ਨੇ ਦਿੱਤੀ।

# ਮਰਸਿਡ ਵਿਖੇ ਕਾਮਾਗਾਟਾਮਾਰੂ ਸ਼ਤਾਬਦੀ ਮੌਕੇ ਹੋਏ ਸਮਾਗਮ ਦੌਰਾਨ ਗਦਰੀ ਬਾਬਿਆਂ ਨੂੰ ਸ਼ਰਧਾਜਲੀਆ ਭੇਟ



**ਮਰਸਿਡ (ਕੁਲਵੀਰ ਹੇਅਰ) –** ਇੰਡੋ ਅਮੈਰਿਕਨ ਦੇਸ਼ ਭਗਤ ਫੋਰਮ ਮਰਸਿਡ ਵਲੋਂ ਕਰਵਾਏ ਗਏ ਕਾਮਾਗਾਟਾਮਾਰੂ ਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਮੌਕੇ ਬਾਬਾ ਸੋਹਨ ਸਿੰਘ ਭਕਨਾ, ਲਾਲਾ ਹਰਦਿਆਲ, ਬਾਬਾ ਮੰਗੂ ਰਾਮ ਜੀ, ਬਾਬਾ ਗੁਰਦਿੱਤ ਸਿੰਘ ਜੀ ਅਤੇ ਦੇਸ਼ ਦੇ ਬਾਕੀ ਸ਼ਹੀਦਾਂ ਨੂੰ ਸਜਦਾ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਵਿੱਚ ਉੱਘੇ ਲੇਖਕ ਅਤੇ ਪੱਤਰਕਾਰ ਸ: ਜਗਜੀਤ ਸਿੰਘ ਥਿੰਦ, ਸ. ਮਹਿੰਦਰ ਸਿੰਘ ਗਰੇਵਾਲ, ਡਾ. ਸੁਰਿੰਦਰ ਸਿੰਘ ਕੈਂਥ, ਗੁਰਦੀਪ ਸਿੰਘ ਅਣਖੀ ਅਤੇ ਪ੍ਰੋ. ਕ੍ਰਿਪਾਲ ਸਿੰਘ ਵਲੋਂ ਸ਼ਮਾ ਰੌਸ਼ਨ ਕੀਤੀ ਗਈ। ਉਪਰੰਤ ਇਨਕਲਾਬ ਜਿੰਦਾਬਾਦ ਦੇ ਨਾਹਰਿਆਂ ਨਾਲ ਸਮਾਗਮ ਸ਼ੁਰੂ ਕੀਤਾ ਗਿਆ।ਮਾਸਟਰ ਲਛਮਣ ਸਿੰਘ ਰਠੌੜ ਵਲੋਂ ਸਭ ਨੂੰ ਜੀ ਆਇਆਂ ਆਖਿਆ। ਰਾਜ ਬਰਾੜ ਵਲੋਂ ਦੇਸ਼ ਭਗਤੀ ਗੀਤ ਗਾਏ।ਦਿਲਦਾਰ ਗਰੁੱਪ ਕਾਂਤਾ ਸਹੋਤਾ ਅਤੇ ਰਾਣੀ ਗਿੱਲ ਵਲੋਂ ਦੇਸ਼ ਦੇ ਸ਼ਹੀਦਾ ਦੇ ਗੀਤ ਗਾ ਕਿ ਮਹੌਲ ਨੂੰ ਜੋਸ਼ੀਲਾ ਕੀਤਾ ਗਿਆ। ਇਸ ਮੌਕੇ ਬੁਲਾਰਿਆ ਵਿੱਚ ਮੁੱਖ ਸਪੀਕਰ ਉੱਘੇ ਸਮਾਜ ਸੇਵੀ ਸ. ਮਹਿੰਦਰ ਸਿੰਘ ਗਰੇਵਾਲ,ਗਿਆਨ ਸਿੰਘ ਬਿਲਗਾ, ਕ੍ਰਿਪਾਲ ਸਿੰਘ ਸੰਧੂ, ਯੂ ਸੀ ਡੇਵਿਸ ਤੋਂ ਅਮਨਜੋਤ ਕੌਰ ਅਤੇ, ਯੂਥ ਅਕਾਲੀ ਆਗੂ ਸ. ਅਰਵਿੰਦਰ ਸਿੰਘ ਲਾਖਣ, ਸ. ਰਵਿੰਦਰ ਸਿੰਘ ਬੋਇਲ ਮਕਸੂਦਪੁਰ, ਕਰਨਲ ਹਰਦੇਵ ਸਿੰਘ ਗਿੱਲ ਅਤੇ ਪ੍ਰੋ. ਕ੍ਰਿਪਾਲ ਸਿੰਘ ਆਦਿ ਨੇ ਜਿੱਥੇ ਕਾਮਾਗਾਟਾ ਮਾਰੂ ਦੇ ਦੁਖਾਂਤ ਦੀ ਜਾਣਕਾਰੀ ਦਿੱਤੀ ਉੱਥੇ ਉਹਨਾਂ ਦੇਸ਼ ਦੇ ਹੋਰ ਸ਼ਹੀਦਾਂ ਦੇ ਜੀਵਨ ਵਾਰੇ ਜਾਣਕਾਰੀ ਦਿੱਤੀ ਅਤੇ ਸ਼ਰਧਾਜਲੀਆਂ ਭੇਂਟ ਕੀਤੀਆਂ।ਇੰਡੋ ਅਮਰੀਕਨ ਹੇਰੀਟੇਜ਼ ਫੋਰਮ ਫਰਿਜ਼ਨੋ ਦੇ ਮੋਡੀ ਸ. ਗੁਰਦੀਪ ਸਿੰਘ ਅਣਖੀ ਨੇ ਸਭ ਦਾ ਧੰਨਵਾਦ ਕੀਤਾ ਅਤੇ ਮੇਲੇ ਦੀ ਕਾਮਯਾਬੀ ਦੀ ਵਧਾਈ ਦਿੱਤੀ ।ਆਂਚਲ ਹੇਅਰ, ਹਰਜੀਤ ਸਿੰਘ,ਅਵਤਾਰ ਸਿੰਘ ਗਰੇਵਾਲ ਅਤੇ ਹਰਜਿੰਦਰ ਸਿੰਘ ਢੇਸੀ ਆਦਿ ਨੇ ਜੋਸ਼ੀਲੀਆਂ ਦੇਸ਼ ਭਗਤੀ ਦੀਆਂ ਕਵਿਤਾਵਾਂ ਪੇਸ਼ ਕੀਤੀਆਂ ਦਰਸ਼ਕਾਂ ਨੇ ਭਰਪੂਰ ਤਾੜੀਆਂ ਨਾਲ ਦਾਦ ਦਿੱਤੀ।

ਇਸ ਮੇਲੇ ਵਿੱਚ ਸਪੈਸ਼ਲ ਗੈਸਟ, ਕਾਉਂਟੀ ਸੁਪਰਵਾਈਜ਼ਰ ਜੋਨ ਪੇਡਰੋਜਾ, ਮ੍ਰਸਿਡ ਸਿਟੀ ਕੌਸ਼ਲ ਜੋਸ਼ ਪੇਡਰੋਜਾ, ਮਰਸਿਟ ਸਿਟੀ ਮੇਅਰ ਸਤਨ ਥਰਸਟੋਨ, ਸ਼ੇਰਫ ਚੀਫ ਸਿਟੀ ਮਰਸਿਡ ਕਾਵਾਲੇਰ ਥੋਮਸ ਨੇ ਵੀ ਹਾਜਰੀ ਭਰੀ ਅਤੇ ਸਮਾਗਮ ਨੂੰ ਸੰਬੋਧਨ ਕੀਤਾ ਪ੍ਰਬਿਧਕਾਂ ਵਲੋਂ ਸਨਮਾਨ ਚਿੰਨ ਭੇਟ ਕੀਤੇ ਗਏ। ਜੀ. ਐੱਚ. ਜੀ. ਸੰਗੀਤ ਅਤੇ ਡਾਂਸ ਅਕੈਡਮੀ ਦੇ ਬੱਚਿਆਂ ਵਲੋਂ ਖੂਬਸੂਰਤ ਭੰਗੜਾ ਪੇਸ਼ ਕਰਕੇ ਸਭ ਦੇ ਪੈਰ ਸਰਕਨ ਲਾ ਦਿੱਤੇ ਇਹ ਟੀਮ ਸ. ਪ੍ਰਮਜੀਤ ਸਿੰਘ ਧਾਲੀਵਾਲ ਅਤੇ ਜਸਪ੍ਰੀਤ ਸਿੱਧੂ ਵਲੋਂ ਤਿਆਰ ਕੀਤੀ ਗਈ ਸੀ। ਰੇਡੀਓ 'ਵਤਨੋ ਦੂਰ' ਦੀ ਟੀਮ ਰੋਣਕ ਤ੍ਰਿੰਝਣਾਂ ਦੀ ਜਿਸ ਨੂੰ ਸਿਮਰਨ ਹੇਅਰ ਅਤੇ ਲਵਲੀਨ ਕੌਰ ਵਲੋਂ ਤਿਆਰ ਕੀਤਾ ਗਿਆ ਸੀ ਇਸ ਟੀਮ ਦੀਆਂ ਬੱਚਿਆਂ ਨੇ ਆਪਣੇ ਜੋਸ਼ੀਲੇ ਗਿੱਧੇ ਨਾਲ ਧਰਤੀ ਹਿਲਾਣ ਵਾਲੀ ਗੱਲ ਕਰ ਦਿੱਤੀ ਦਰਸ਼ਕਾਂ ਅਤੇ ਯੂਥ ਅਕਾਲੀ ਦਲ ਦੇ ਨੌਜੁਆਨਾਂ ਵਲੋਂ ਭੰਗੜੇ ਅਤੇ ਗਿੱਧੇ ਦੇ ਬੱਚਿਆਂ ਨੂੰ ਨਗਦ ਇਨਾਮ ਦੇ ਕੇ ਟੀਮਾਂ ਦੀ ਹੌਂਸਲਾ ਅਫਜਾਈ ਕੀਤੀ ਗਈ। ਇਸ ਸਾਰੇ ਸਮਾਗਮ ਦੌਰਾਨ ਸਟੇਜ ਦੀ ਸੇਵਾ ਸ. ਅਮਰੀਕ ਸਿੰਘ ਵਿਰਕ ਨੇ ਸਭ ਨੂੰ ਵੱਖ-ਵੱਖ ਟਾਈਮ ਦੇ ਕੇ ਬਾਖੂਬੀ ਨਿਭਾਈ। ਇੱਥੇ ਇਹ ਦੱਸਣਯੋਗ ਹੈ ਕਿ ਮਰਸਿੱਡ ਵਿੱਚ ਇਹ ਪਹਿਲੀ ਵਾਰ ਮੇਲਾ ਹੋਇਆ ਹੈ। ਇਸ ਮੇਲੇ ਵਿੱਚ ਜਿੱਥੇ ਦਰਸ਼ਕ ਹੁੰਮ ਹੁਮਾ ਕਿ ਪਹੁੰਚੇ ਹੋਏ ਸਨ, ਉੱਥੇ ਇੰਡੋ ਅਮੈਰੀਕਨ ਹੇਰੀਟਜ਼ ਫੋਰਮ ਫਰਿਜ਼ਨੋ ,ਗੁਰਦੀਪ






ਸਿੰਘ ਗਿੱਲ, ਸੁਰਿੰਦਰ ਸਿੰਘ ਮੰਡਾਲੀ, ਮਹਿੰਦਰ ਸਿੰਘ ਧਾਅ, ਬਲਦੇਵ ਸਿੰਘ, ਯੂਥ ਅਕਾਲੀ ਦਲ ਅਮਰੀਕਾ ਦੇ ਆਗੂ ਸ. ਅਰਵਿੰਦਰ ਸਿੰਘ ਲਾਖਨ, ਸ. ਰਵਿੰਦਰ ਸਿੰਘ, ਬੋਇਲ ਮਕਸੂਦਪੁਰ, ਪਰਵਿੰਦਰਪਾਲ ਸਿੰਘ ਰਠੋੜ, ਭੁਪਿੰਦਰ ਸਿੰਘ ਜਾਡਲਾ, ਸ਼ੇਰ ਸਿੰਘ ਚੌਹਾਨ, ਗੁਰਦਿਆਲ ਸਿੰਘ ਚੌਹਾਨ, ਤਜਿੰਦਰ ਸਿੰਘ ਪਟਿਆਲਾ, ਧਰਮਿੰਦਰ ਸਿੰਘ ਮੀਰਪੁਰ, ਗੁਲਜ਼ਾਰ ਗਿੱਲ, ਅਕਾਸ਼ਦੀਪ ਸਿੰਘ ਜਾਡਲਾ, ਅਵਤਾਰ ਸਿੰਘ, ਬਾਂਟੀ ਜਾਡਲਾ ਵੀ ਹਾਜ਼ਰ ਸਨ। ਇਸ ਮੇਲੇ ਦੀ ਖਾਸ ਗੱਲ ਇਹ ਰਹੀ ਕਿ ਬੀਬੀਆਂ ਨੇ ਭਾਰੀ ਗਿਣਤੀ ਵਿੱਚ ਹਿੱਸਾ ਲਿਆ। ਆਖਰ ਵਿੱਚ ਕਮੇਟੀ ਦੇ ਪ੍ਰਧਾਨ ਅਸ਼ਵਨੀ ਕੁਮਾਰ ਕੈਂਥ ਨੇ ਸਾਰੇ ਸਹਿਯੋਗੀਆਂ, ਭਾਗ ਲੈਣ ਵਾਲੇ ਬੱਚਿਆਂ ਅਤੇ ਦਰਸ਼ਕਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਇਸ ਮੇਲੇ ਅਸ਼ਵਨੀ ਕੁਮਾਰ ਕੈਂਥ, ਮਾਸਟਰ ਲਸ਼ਮਣ ਸਿੰਘ ਰਠੌੜ ਮਹਿੰਗਾ ਸਿੰਘ,ਮੱਖਣ ਸਿੰਘ ਬਣਿੰਗ, ਗੁਰਦਿਆਲ ਸਿੰਘ ਚੋਹਾਨ, ਡਾ. ਜੈਮਲ ਸਿੰਘ, ਮਨੋਹਰ ਸਿੰਘ ਪੁਰੇਵਾਲ, ਸੰਤੋਖ ਸਿੰਘ ਨਰ, ਇੰਦਰਜੀਤ ਸਿੰਘ, ਅਜੀਤ ਸਿੰਘ ਰਾਏ, ਬਿਅੰਤਜੀਤ ਸਿੰਘ, ਦਿੱਲਬਾਗ ਸਿੰਘ ਪੰਨੂੰ, ਸਤਪਾਲ ਖੈਰਾ, ਕੁਲਦੀਪ ਸਿੰਘ ਅਟਵਾਲ, ਡਾ, ਸੁਰਿੰਦਰ ਸਿੰਘ ਕੈਂਥ, ਸਰਵਨ ਸਿੰਘ ਕੁਲਾਰ, ਕਮਲਜੀਤ ਸਿੰਘ, ਸੰਤੋਖ ਸਿੰਘ ਸੰਘਾ,ਚਰਨਜੀਤ ਸਿੰਘ ਸਹੋਤਾ,ਦਲਜੀਤ ਸਿੰਘ ਜਾਡਲਾ, ਕਮਲਜੀਤ ਸਿੰਘ ਜਾਡਲਾ, ਮੋਹਿੰਦਰ ਸਿੰਘ ਭੋਰੀਮਾਜਰਾ, ਕ੍ਰਿਪਾਲ ਸਿੰਘ ਗਿੱਲ, ਅਤੇ ਹੋਰ ਸ਼ਕਸ਼ੀਅਤਾਂ ਨੇ ਮੇਲੇ ਦੀ ਕਾਮਯਾਬੀ ਲਈ ਤਸੱਲੀ ਦਾ ਪ੍ਰਗਟਾਵਾ ਕੀਤਾ।ਸਾਓਂਡ (ਡੀ ਜੇ) ਦੀ ਸੰਤੋਖ ਸਿੰਘ ਸੰਘਾ ਭਰਾਵਾਂ ਵਲੋ ਪ੍ਰਬੰਧ ਕੀਤਾ ਗਿਆ। ਇਸ ਮੌਕੇ ਚਾਹ, ਪਾਣੀ, ਪਕੌੜੇ ਅਤੇ ਲੰਗਰ ਦਾ ਪ੍ਰਬੰਧ ਦਵਿੰਦਰ ਸਿੰਘ ਰਾਏ (ਇੰਡੀਆ ਰੇਸਟੋਰੈਂਟ) ਅਤੇ ਗੁਰੁ ਨਾਨਕ ਸਿੱਖ ਸੁਸੈਇਟੀ ਫਰਿਜਨੋ ਵਲੋ ਕੀਤਾ ਗਿਆ।

# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।



We Do Complete Engine Transmission, Body and Paint Work We Sell Used Cars at a Good Price



Prop: Jasbir Singh Takhar
510-755-2132

Free Estimates
Free Towing

Harmandeep Singh

**510- 733- 2222**

1421 Industrial PKWY West#F Hayward, CA 94544

# TANDOOR Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532

# NOW OPEN

# THE TAJ

FINE INDIAN CUISINE, BAR & CATERING

1400 Whyler Rd. Yuba City, CA 95993

$5.99 BUFFET EVERYDAY

LUNCH TIMEBUFFET, DINE-IN, CARRY OUT CATERING SPECIALIST SWEETS & MORE....

11:00 AM to 3:00 PM

530-821-0121

Party Hall Available

Catering Specialist

ACROSS THE PARKING LOT FROM CINEMARK

Dine-In & Carry Out

* WITH A PURCHASE OF A SOFT DRINK, coupon valid until 08/31/2014.
One coupon per person.
Must Bring in the coupon.

# ਭਾਰਤ ਦੇ ਮੰਦਰਾਂ ਵਿਚ ਭਰਿਆ ਪਿਆ ਹੈ ਬੇਲੋੜਾ ਧਨ

ਭਾਰਤ ਦੇ ਵਿੱਤ ਮੰਤਰੀ ਦੁਆਰਾ ਜਾਰੀ ਕੀਤੀ ਗਈ ਇਕ ਰਿਪੋਰਟ ਦੇ ਮੁਤਾਬਕ ਮੁਲਕ ਦੀ ਸਾਲਾਨਾ ਆਮਦਨ 1 ਲੱਖ ਕਰੋੜ ਤੋਂ ਜ਼ਿਆਦਾਹੈ ਅਤੇ ਭਾਰਤ ਦੇ ਮੰਦਰਾਂ ਦੀ ਸਾਲਾਨਾ ਆਮਦਨ 11 ਲੱਖ 50 ਹਜ਼ਾਰ ਕਰੋੜ ਹੈ। ਮਤਲਬ ਦੇਸ਼ ਦੀ ਆਰਥਿਕ ਆਮਦਨ ਤੋਂ ਕਈ ਗੁਣਾਂ ਜ਼ਿਆਦਾ। ਭਾਰਤ ਸਰਕਾਰ ਦੇ ਕੋਲ 3 ਹਜ਼ਾਰ 250 ਟਨ ਸੋਨਾ ਹੈ। ਭਾਰਤ ਦੇ ਮੰਦਰਾਂ ਵਿਚ 30,000 ਟਨ ਸੋਨਾ ਭਰਿਆ ਪਿਆ ਹੈ, ਜੋ ਦੁਨੀਆਂ ਦੇ ਸਾਰੇ ਮੁਲਕਾਂ ਤੋਂ ਜ਼ਿਆਦਾ ਹੈ। ਅਮਰੀਕਾ ਦੇ ਕੋਲ ਵੀ ਇੰਨਾ ਸੋਨਾ ਨਹੀਂ ਹੈ। ਵਿਦੇਸ਼ੀ ਦੇਸ਼ਾਂ ਦਾ ਸਾਡੇ ਮੁਲਕ ਤੇ 15 ਲੱਖ ਕਰੋੜ ਦਾ ਕਰਜ਼ਾ ਹੈ। ਦੇਸ਼ ਦੇ ਇਕੱਲੇ ਕੇਰਲ ਸਥਿਤ ਪਦਮਨਾਭਨ ਮੰਦਰ ਵਿਚ 25 ਲੱਖ ਕਰੋੜ ਤੋਂ ਜ਼ਿਆਦਾ ਸੰਪਤੀ ਜਮ੍ਹਾ ਹੈ, ਮਤਲਬ ਦੇਸ਼ ਦਾ ਕਰਜ਼ਾ ਇਕੱਲਾ ਇਕ ਮੰਦਰ ਚੁਕਾਉਣ ਦੇ ਸਮਰੱਥ ਹੈ।

ਇਸੇ ਤਰ੍ਹਾਂ ਹੀ ਸ਼ਿਰਡੀ, ਤਿਰੂਪਤੀ ਬਾਲਾਜੀ, ਸਿਦੀਵਿਨਾਇਕ ਵਰਗੇ ਵੱਡੇ ਬਜਟ ਵਾਲੇ ਮੰਦਰ ਵੀ ਭਾਰਤ ਵਿਚ ਹਨ। ਇਹਨਾਂ ਮੰਦਰਾਂ ਵਿਚ ਅਰਬਾਂ ਖਰਬਾਂ ਦੀ ਸੰਪਤੀ ਭਰੀ ਪਈ ਹੈ। ਸ਼ਿਰਡੀ ਦੇ ਸਾਈ ਬਾਬਾ ਮੰਦਰ ਵਿਚ 5 ਸਾਲ ਵਿਚ ਡੇਢ ਹਜ਼ਾਰ ਕਰੋੜ ਮਿਲੇ ਹਨ। ਮੰਦਰ ਵਿਚ ਪੈਸਿਆਂ ਦੇ ਨਾਲ ਹਜ਼ਾਰਾਂ ਏਕੜ ਜ਼ਮੀਨ, ਹੀਰੇ, ਸੋਨੇ ਦੇ ਰੂਪ ਵਿਚ ਬਹੁਤ ਸਾਰੀ ਸੰਪਤੀ ਜਮ੍ਹਾ ਹੈ। ਇਸ ਪੂਰੀ ਸੰਪਤੀ ਦਾ ਹਿਸਾਬ ਲਗਾਇਆ ਜਾਵੇ ਤਾਂ ਕੈਲਕੂਲੇਟਰ ਵੀ ਕੁਝ ਦੇਰ ਦੇ ਲਈ ਚਕਰਾ ਜਾਵੇਗਾ।

ਵਿਸ਼ਵ ਬੈਂਕ ਦੀ ਰਿਪੋਰਟ ਦੇ ਮੁਤਾਬਕ ਭਾਰਤ ਦੇ 41.6 ਫੀਸਦੀ ਲੋਕ ਹਾਲੇ ਵੀ ਗਰੀਬੀ ਵਿਚ ਜੀਵਨ ਗੁਜ਼ਾਰ ਰਹੇ ਹਨ। ਉਹਨਾਂ ਦੀ ਰੋਜ਼ਾਨਾ ਦੀ ਆਮਦਨ 20 ਰੁਪਏ ਤੋਂ ਜ਼ਿਆਦਾ ਨਹੀਂ ਹੈ। ਕੌਮੀ ਕੌਂਸਲ ਆਫ ਅਪਲਾਈਡ ਇਕਨਾਮਿਕ ਦੀ ਰਿਪੋਰਟ ਮੁਤਾਬਕ ਭਾਰਤ ਦੇ 11 ਕਰੋੜ 50 ਲੱਖ ਪਰਿਵਾਰਾਂ ਦੀ ਇਕ ਮਹੀਨੇ ਦੀ ਸਮੂਹਿਕ ਆਮਦਨ ਸਾਢੇ ਸੱਤ ਹਜ਼ਾਰ ਤੋਂ ਘੱਟ ਹੈ। ਇਕ ਪਾਸੇ ਦੇਸ਼ ਦੇ ਮੰਦਰਾਂ ਵਿਚ ਬੇਲੋੜਾ ਧਨ ਭਰਿਆ ਪਿਆ ਹੈ, ਉਥੇ ਹੀ ਦੂਜੇ ਪਾਸੇ ਦੇਸ਼ ਦੇ ਲੋਕ ਭੁੱਖਮਰੀ ਦੇ ਕਿਨਾਰੇ ਤੇ ਹਨ। ਕੁਝ ਲੋਕ ਸਵਿਸ ਬੈਂਕਾਂ ਵਿਚ ਪਏ ਕਾਲੇ ਧਨ ਨੂੰ ਲਿਆਉਣ ਦੇ ਪਿੱਛੇ ਪਏ ਹਨ। ਪਰ ਉਹਨਾਂ ਨੂੰ ਮੰਦਰਾਂ ਵਿਚ ਜਮ੍ਹਾ ਬੇਪਨਾਹ ਧਨ ਨਜ਼ਰ ਨਹੀਂ ਆ ਰਿਹਾ ਹੈ।

ਸਵਿਸ ਬੈਂਕ ਵਿਚ ਭਾਰਤ ਦਾ ਕਰੀਬ 2.8 ਲੱਖ ਕਰੋੜ ਧਨ ਹੈ। ਅਜਿਹਾ ਅੰਦਾਜ਼ਾ ਲਗਾਇਆ ਜਾ ਰਿਹਾ ਹੈ। ਇਹ ਕਾਲਾ ਧਨ ਮੰਦਰਾਂ ਦੇ ਕਾਲੇ ਧਨ ਦੇ ਸਾਹਮਣੇ ਕੁਝ ਵੀ ਨਹੀਂ ਹੈ। ਸਵਿਸ ਬੈਂਕ ਤੋਂ ਕਾਲਾ ਧਨ ਜ਼ਰੂਰ ਲਿਆਓ, ਪਰ ਪਹਿਲਾਂ ਮੰਦਰਾਂ ਵਿਚ ਪਏ ਬੇਲੋੜੇ ਧਨ ਨੂੰ ਕੱਢਣ ਦੀ ਜ਼ਰੂਰਤ ਹੈ। ਗੰਭੀਰਤਾ ਨਾਲ ਵਿਚਾਰ ਕਰੋ, ਸੋਚੋ ਅਤੇ ਦੇਸ਼ ਦੀ ਆਰਥਿਕ ਪ੍ਰਸਥਿਤੀਆਂ ਦੇ ਮੁਤਾਬਕ ਫੈਸਲਾ ਲਓ।

ਇਹ ਗੱਲਾਂ ਸਭ ਨੂੰ ਪਤਾ ਹਨ ਪਰ ਬਿੱਲੀ ਦੇ ਗਲ ਘੰਟੀ ਕੌਣ ਬੰਨੇ? ਕਿਉਂਕਿ ਸਰਕਾਰ ਵਿਚ ਬੈਠੇ ਲੋਕ ਹੀ ਕਦਮ ਨਹੀਂ ਚੁੱਕਦੇ।

## ਕ੍ਰਿਤਿਕਾ ਵਿਸ਼ਵਾਸ ਨੂੰ ਅਮਰੀਕਾ ਦੇਵੇਗਾ 1.37 ਕਰੋੜ ਦਾ ਹਰਜ਼ਾਨਾ

ਨਿਊਯਾਰਕ— ਭਾਰਤੀ ਡਿਪਲੋਮੈਟ ਦੀ ਬੇਟੀ ਕ੍ਰਿਤਿਕਾ ਵਿਸ਼ਵਾਸ ਦਾ ਵਿਸ਼ਵਾਸ ਆਖਰਕਾਰ ਜਿੱਤ ਗਿਆ ਅਤੇ ਉਸ ਦੇ ਸਾਹਮਣੇ ਨਿਊਯਾਰਕ ਸ਼ਹਿਰ ਪ੍ਰਸ਼ਾਸਨ ਨੇ ਹਾਰ ਮੰਨ ਲਈ। ਉਹ ਅਦਾਲਤ ਦੇ ਬਾਹਰ ਹੀ ਸਮਝੌਤੇ ਨੂੰ ਤਿਆਰ ਹੋ ਗਿਆ ਅਤੇ ਹੁਣ ਕ੍ਰਿਤਿਕਾ ਨੂੰ ਤਕਰੀਬਨ 2.25 ਲੱਖ ਡਾਲਰ (ਕਰੀਬ 1.37 ਕਰੋੜ ਰੁਪਏ) ਦਾ ਹਰਜ਼ਾਨਾ ਦਿੱਤਾ ਜਾਵੇਗਾ। ਟੀਚਰ ਨੂੰ ਅਸ਼ਲੀਲ ਈ-ਮੇਲ ਭੇਜਣ ਦੇ ਦੋਸ਼ ਵਿਚ



ਕ੍ਰਿਤਿਕਾ ਨੂੰ 2011 ਵਿਚ ਇਕ ਦਿਨ ਦੀ ਜੇਲ੍ਹ ਵਿਚ ਰੱਖਿਆ ਗਿਆ ਸੀ। ਉਸ ਨੂੰ ਸਕੂਲ ਤੋਂ ਵੀ ਸਸਪੈਂਡ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਕ੍ਰਿਤਿਕਾ ਨੇ ਪੁਲਸ ਅਤੇ ਸ਼ਹਿਰ ਦੇ ਪ੍ਰਸ਼ਾਸਨ ਦੇ ਖਿਲਾਫ 15 ਲੱਖ ਡਾਲਰ ਦਾ ਮੁਕੱਦਮਾ ਠੋਕ ਦਿੱਤਾ ਸੀ। ਸਮਝੌਤੇ ਤੋਂ ਬਾਅਦ ਕ੍ਰਿਤਿਕਾ ਨੇ ਮੁਕੱਦਮਾ ਵਾਪਸ ਲੈ ਲਿਆ ਅਤੇ ਇਸ ਦੇ ਤਹਿਤ ਪ੍ਰਸ਼ਾਸਨ ਉਸ ਨੂੰ 2.25 ਲੱਖ ਡਾਲਰ ਮੁਆਵਜ਼ੇ ਵਜੋਂ ਦੇਵੇਗਾ।

ਨਿਊਯਾਰਕ ਦੇ ਯੂ. ਐਸ. ਡਿਸਟ੍ਰਿਕਟ ਜੱਜ ਜੌਨ ਕੋਇਲਟ ਨੇ ਫੈਸਲੇ ਵਿਚ ਕਿਹਾ ਕਿ ਨਿਊਯਾਰਕ ਪ੍ਰਸ਼ਾਸਨ ਕ੍ਰਿਤਿਕਾ ਨੂੰ ਮੁਆਵਜ਼ਾ ਦੇਣ ਲਈ ਤਿਆਰ ਹੈ ਅਤੇ ਕ੍ਰਿਤਿਕਾ ਇਸ ਤੋਂ ਸੰਤੁਸ਼ਟ ਹੈ। ਉਹ ਇਸ ਦੇ ਬਦਲੇ 'ਚ ਬਾਕੀ ਸਾਰੇ ਦਾਅਵੇ ਖਤਮ ਕਰਨ ਨੂੰ ਤਿਆਰ ਹੈ। ਅਦਾਲਤ ਨੇ ਕਿਹਾ ਕਿ ਦੋਵੇਂ ਪੱਖ ਮਾਮਲੇ ਨੂੰ ਸੁਲਝਾਉਣਾ ਚਾਹੁੰਦੇ ਹਨ ਇਸ ਲਈ ਇਸ ਨੂੰ ਖਤਮ ਕੀਤਾ ਜਾਂਦਾ ਹੈ।



'ਕਥਾਵਾਂ ਬਿਸਤ ਦੁਆਬ ਦੀਆਂ' ਡਾ. ਜਸਵੰਤ ਰਾਏ ਦਾ ਲੋਕ-ਕਥਾਵਾਂ ਸਬੰਧੀ ਪਲੇਠਾ ਲੋਕ-ਕਥਾ ਸੰਗ੍ਰਹਿ ਹੈ। ਇਹਨਾਂ ਕਥਾਵਾਂ ਦੀ ਚੀਰ-ਫਾੜ ਕਰਦਿਆਂ ਉਸਨੇ ਕੁਰੂਕਸ਼ੇਤਰਾ ਯੂਨੀਵਰਸਿਟੀ ਤੋਂ ਪੀ.ਐੱਚ.ਡੀ. ਦੀ ਡਿਗਰੀ ਹਾਸਲ ਕੀਤੀ ਹੈ। ਲੋਕ ਕਥਾਵਾਂ ਸਾਡੀ ਸੰਸਕ੍ਰਿਤੀ ਦਾ ਅਮੁੱਲ ਖ਼ਜ਼ਾਨਾ ਹਨ। ਇਸ ਪੁਸਤਕ ਵਿਚ ਸ਼ਾਮਿਲ ਲੋਕ-ਕਥਾਵਾਂ ਦੁਆਬੇ ਦੇ ਬਜੁਰਗਾਂ ਕੋਲੋਂ ਸੁਣ ਕੇ ਲਿਖੀਆਂ ਗਈਆਂ ਹਨ। ਲੋਕ-ਕਥਾਵਾਂ ਪੜ੍ਹਦਿਆਂ ਸਾਨੂੰ ਇੰਜ ਲਗਦਾ ਹੈ ਜਿਵੇਂ ਅਸੀਂ ਆਪਣੇ ਦਾਦਾ-ਦਾਦੀ, ਨਾਨਾ-ਨਾਨੀ ਪਾਸੋਂ ਕਹਾਣੀ ਸੁਣ ਰਹੇ ਹੋਈਏ। ਅੱਜ ਦੇ ਭੱਜ-ਦੌੜ, ਅਨੈਤਿਕ ਅਤੇ ਅਮਾਨਵੀ ਵਰਤਾਰੇ ਵਾਲੀ ਜ਼ਿੰਦਗੀ ਵਿਚ ਇਹ ਕਥਾਵਾਂ ਪੜ੍ਹ ਕੇ ਸਕੂਨ ਮਿਲਦਾ ਹੈ। ਅਦਾਰਾ ਦੇਸ਼ ਦੁਆਬਾ ਅਤੇ ਅੰਬੇਡਕਰ ਟਾਈਮਜ਼ ਇਸ ਪੁਸਤਕ ਨੂੰ ਛਾਪ ਕੇ ਮਾਣ ਮਹਿਸੂਸ ਕਰ ਰਿਹਾ ਹੈ। ਦੇਸ਼ ਦੁਆਬਾ ਦੇ ਪਾਠਕਾਂ ਲਈ ਅਸੀਂ ਆਉਣ ਵਾਲੇ ਅੰਕਾਂ ਵਿਚ ਲੋਕ ਕਥਾ ਦੀ ਮਹੱਤਤਾ ਨੂੰ ਦੇਖਦੇ ਹੋਏ ਇਸ ਪੁਸਤਕ ਦੀ ਭੂਮਿਕਾ ਤੇ ਮੁਖਬੰਦ ਅਤੇ ਵਿਰਸੇ ਦੀ ਪੇਸ਼ਕਾਰੀ ਕਰਦੀਆਂ ਲੋਕ-ਕਥਾਵਾਂ ਲਗਾਤਾਰ ਛਾਪਣ ਜਾ ਰਹੇ ਹਾਂ ਅਤੇ ਨਾਲ ਹੀ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਨਾ ਚਾਹੁੰਦੇ ਹਾਂ 'ਯੂਨਾਇਟਡ ਅਵੇਅਰਨੈੱਸ ਕਮੇਟੀ ਆਫ ਦਾ ਰਵਿਦਾਸੀਆ ਕਮਿਊਨਿਟੀ' ਦਾ ਜਿਨ੍ਹਾਂ ਨੇ ਇਸ ਪੁਸਤਕ ਨੂੰ ਛਪਾਉਣ 'ਚ ਦੇਸ਼ ਦੁਆਬਾ ਦਾ ਸਹਿਯੋਗ ਕੀਤਾ। (ਭੂਮਿਕਾ ਪੜੋ ਸਫਾ 17 ਤੇ)

## ਦਿੱਲੀ : ਹੋਟਲ ਤਾਜ ਪੈਲੇਸ ਦੇ ਬਾਹਰ ਚੀਨੀ ਤਿੱਬਤੀਆਂ ਦਾ ਵਿਰੋਧ ਪ੍ਰਦਰਸ਼ਨ

ਨਵੀਂ ਦਿੱਲੀ- ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਭਾਰਤ ਦੇ ਦਿਨ ਤਿੰਨ ਦੌਰੇ 'ਤੇ ਆਏ ਹੋਏ ਹਨ। ਜਿਸ ਕਾਰਨ ਤਿੱਬਤੀ ਆਪਣੀਆਂ ਮੰਗਾਂ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਕਰ



ਰਹੇ ਹਨ। ਤਿੱਬਤੀਆਂ ਦਾ ਤੀਜੇ ਦਿਨ ਵੀ ਵਿਰੋਧ ਪ੍ਰਦਰਸ਼ਨ ਜਾਰੀ ਹੈ। ਜ਼ਿਕਰਯੋਗ ਹੈ ਕਿ ਚੀਨੀ ਰਾਸ਼ਟਰਪਤੀ ਇਸੇ ਪੈਲੇਸ 'ਚ ਰੁੱਕੇ ਹੋਏ ਹਨ।

ਤਿੱਬਤੀਆਂ ਨੇ ਤਾਜ ਪੈਲੇਸ ਦੇ ਬਾਹਰ ਜੰਮ ਕੇ ਵਿਰੋਧ ਪ੍ਰਦਰਸ਼ਨ ਕੀਤਾ। ਪੁਲਸ ਨੇ ਵਿਰੋਧ ਕਰਨ ਵਾਲੇ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿਚ ਲੈ ਲਿਆ ਹੈ। ਵਿਰੋਧ ਪ੍ਰਦਰਸ਼ਨ ਵਿਚ ਵੱਡੀ ਗਿਣਤੀ ਵਿਚ ਔਰਤਾਂ ਅਤੇ ਆਦਮੀ ਸ਼ਾਮਲ ਹਨ। ਵੀਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ 'ਚ ਸ਼ਿਖਰ ਵਾਰਤਾ ਹੋਈ। ਉਸ ਸਮੇਂ ਵੀ ਤਿੱਬਤੀਆਂ ਨੇ ਵਿਰੋਧ ਪ੍ਰਦਰਸ਼ਨ ਕੀਤਾ।

## ਜ਼ਹਿਰੀਲਾ ਮਿਡ-ਡੇ-ਮੀਲ ਖਾਣ ਤੋਂ ਬਾਅਦ 350 ਬੱਚੇ ਬੀਮਾਰ, ਹਾਲਤ ਸਥਿਰ

ਬੈਂਗਲੂਰ- ਸਕੂਲਾਂ ਵਿਚ ਮਿਲਣ ਵਾਲੇ ਦੁਪਹਿਰ ਦੇ ਭੋਜਨ ਮਿਡ-ਡੇ-ਮੀਲ ਪਰੋਸਿਆ ਜਾਂਦਾ ਹੈ। ਇਹ ਭੋਜਨ ਕਿੰਨਾ ਕੁ ਸਾਫ-ਸੁਥਰਾ ਹੁੰਦਾ ਹੈ, ਇਸ ਗੱਲ ਦਾ ਅੰਦਾਜ਼ਾ ਇਸ



ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਹਰ ਆਏ ਦਿਨ ਬੱਚਿਆਂ ਨੂੰ ਪਰੋਸਿਆ ਜਾਣ ਵਾਲਾ ਭੋਜਨ ਜ਼ਿਆਦਾਤਰ ਖਰਾਬ ਹੁੰਦਾ ਹੈ ਜਾਂ ਕੋਈ ਨਾ ਕੋਈ ਚੀਜ਼ ਉਸ 'ਚ ਮਿਲ ਜਾਂਦੀ ਹੈ। ਜਿਸ ਕਾਰਨ ਭੋਜਨ ਜ਼ਹਿਰੀਲਾ ਹੋ ਜਾਂਦਾ ਹੈ। ਤਾਜ਼ਾ ਮਾਮਲਾ ਬੈਂਗਲੂਰ 'ਚ ਸਾਹਮਣੇ ਆਇਆ ਹੈ, ਜਿੱਥੇ ਜ਼ਹਿਰੀਲਾ ਭੋਜਨ ਖਾਣ ਨਾਲ 350 ਬੱਚੇ ਬੀਮਾਰ ਹੋ ਗਏ ਅਤੇ ਉਨ੍ਹਾਂ ਨੂੰ ਹਸਪਤਾਲ 'ਚ ਭਰਤੀ ਕਰਾਇਆ ਗਿਆ ਹੈ। ਜਿੱਥੇ ਉਨ੍ਹਾਂ ਦੀ ਹਾਲਤ ਸਥਿਰ ਬਣੀ ਹੋਈ ਹੈ। ਸਕੂਲਾਂ 'ਚ ਪਰੋਸਿਆ ਜਾਂਦਾ ਖਰਾਬ ਭੋਜਨ ਸਕੂਲ ਪ੍ਰਸ਼ਾਸਨ 'ਤੇ ਸਵਾਲੀਆਂ ਨਿਸ਼ਾਨ ਲੱਗ ਜਾਂਦਾ ਹੈ, ਜਿਸ ਤੋਂ ਸਕੂਲ ਪ੍ਰਸ਼ਾਸਨ ਜਵਾਬ ਦੇਣ ਤੋਂ ਨਾਂਹ ਨੁੱਕਰ ਕਰ ਲੱਗ ਪੈਂਦਾ ਹੈ।

## ਇਕ ਅਜਿਹਾ ਪਿੰਡ ਜਿੱਥੇ ਚਾਰਪਾਈ ਤੇ ਬੈਠੇ ਦਲਿਤ ਤਾਂ ਤੋੜ ਦਿੱਤੀ ਜਾਂਦੀ ਹੈ ਲੱਤ

ਝਾਂਸੀ- ਝਾਂਸੀ ਦੇ ਖੈਰਾ ਪਿੰਡ ਵਿਚ ਰਹਿਣ ਵਾਲੇ ਦਲਿਤ ਗੁਲਾਮੀ ਦੀ ਜ਼ਿੰਦਗੀ ਜਿਉਂ ਰਹੇ ਹਨ। ਆਜ਼ਾਦੀ ਦੇ 68 ਸਾਲਾਂ ਬਾਅਦ ਵੀ ਉਹਨਾਂ ਦੀ ਜ਼ਿੰਦਗੀ ਵਿਚ ਕੋਈ ਸੁਧਾਰ ਨਹੀਂ ਹੋਇਆ ਹੈ। ਪਿੰਡ ਦੇ ਉਚ ਜਾਤੀ ਦੇ ਲੋਕ ਦਲਿਤਾਂ ਤੇ ਅੱਤਿਆਚਾਰ ਕਰਦੇ ਹਨ। ਉਹਨਾਂ ਨੂੰ ਚਾਰਪਾਈ ਤੇ ਬੈਠਣਾ ਸਖਤ ਮਨ੍ਹਾ ਹੈ। ਅਜਿਹਾ ਕਰਨ ਤੇ ਲਾਠੀ-ਡੰਡਿਆਂ





ਨਾਲ ਉਹਨਾਂ ਦੀਆਂ ਲੱਤਾਂ ਤੋੜ ਦਿੱਤੀਆਂ ਜਾਂਦੀਆਂ ਹਨ। ਉਚ ਜਾਤੀ ਦੇ ਘਰਾਂ ਦੇ ਸਾਹਮਣੇ ਤੋਂ ਹੋ ਕੇ ਲੰਘਣ ਵਾਲੇ ਦਲਿਤ ਵਿਅਕਤੀ ਦਾ ਸਿਰ ਅਤੇ ਮੁੱਛਾਂ ਮੁੰਡਵਾ ਦਿੱਤੀਆਂ ਜਾਂਦੀਆਂ ਹਨ। ਔਰਤਾਂ ਦੇ ਨਾਲ ਵੀ ਅਜਿਹਾ ਹੀ ਕੀਤਾ ਜਾਂਦਾ ਹੈ। ਇੰਨਾ ਹੀ ਨਹੀਂ, ਦਲਿਤਾਂ ਨੂੰ ਪਿੰਡ ਦੇ ਹੈਂਡਪੰਪਾਂ ਤੋਂ ਪਾਣੀ ਭਰਨ ਦੀ ਇਜਾਜ਼ਤ ਨਹੀਂ ਹੈ। ਉਹ ਉਚ ਜਾਤੀ ਦੇ ਲੋਕਾਂ ਦੀ ਜ਼ਮੀਨ ਦੇ ਆਸ ਪਾਸ ਪਲਾਟ ਵੀ ਨਹੀਂ ਖਰੀਦ ਸਕਦੇ।

ਇਹ ਉਹੀ ਪਿੰਡ ਹੈ, ਜਿੱਥੇ ਸ਼ੁੱਕਰਵਾਰ ਨੂੰ ਇਕ ਦਲਿਤ ਲੜਕੇ ਦੇ ਨਾਲ ਦਰਿੰਦਗੀ ਦੀ ਘਟਨਾ ਸਾਹਮਣੇ ਆਈ ਸੀ। ਇਕ ਪਲਾਟ ਨੂੰ ਲੈ ਕੇ ਹੋਏ ਵਿਵਾਦ ਵਿਚ ਉਚ ਜਾਤੀ ਦੇ ਕੁਝ ਬਦਮਾਸ਼ ਲੋਕਾਂ ਨੇ ਉਸਨੂੰ ਤਸੀਹੇ ਦਿੱਤੇ। ਲੜਕੇ ਨੂੰ ਜਬਰਦਸਤੀ ਪਿਸ਼ਾਬ ਪਿਆਇਆ ਗਿਆ ਅਤੇ ਮਲ ਚਟਾਇਆ ਗਿਆ। ਉਸਦਾ ਸਿਰ ਮੁੰਡਵਾ ਦਿੱਤਾ ਗਿਆ। ਅੱਧੀ ਮੁੱਛ ਵੀ ਕੱਟ ਦਿੱਤੀ ਗਈ। ਉਸਦੀ ਰੱਜ ਕੇ ਕੁੱਟਮਾਰ ਕੀਤੀ ਗਈ। ਇੰਨਾ ਹੀ ਨਹੀਂ, ਬਦਮਾਸ਼ਾਂ ਨੇ ਉਸਦੇ ਪ੍ਰਾਈਵੇਟ ਪਾਰਟ ਵਿਚ ਕੱਪੜਾ ਬੰਨ ਕੇ ਪੈਟਰੋਲ ਲਗਾ ਕੇ ਅੱਗ ਲਗਾ ਦਿੱਤੀ।

ਕੁਝ ਲੋਕਾਂ ਨੇ ਜੇਕਰ ਉਸਨੂੰ ਛੁਡਾਇਆ ਨਾ ਹੁੰਦਾ ਤਾਂ ਉਸਦੀ ਜਾਨ ਵੀ ਜਾ ਸਕਦੀ ਸੀ। ਕੁੱਟਮਾਰ ਕਾਰਨ ਲੜਕੇ ਦੇ ਸਰੀਰ ਵਿਚ ਕਈ ਥਾਵਾਂ ਤੇ ਸੱਟਾਂ ਲੱਗੀਆਂ। ਐਸ ਸੀ/ਐਸ ਟੀ ਕਮਿਸ਼ਨ ਨੇ ਇਸ ਮਾਮਲੇ ਵਿਚ ਐਕਸ਼ਨ ਲਿਆ। ਕਮਿਸ਼ਨ ਦੇ ਮੁਖੀ ਪੀ. ਐਲ ਪੂਨੀਆ ਦਾ ਕਹਿਣਾ ਹੈ ਕਿ ਦੋਸ਼ੀਆਂ ਦੇ ਖਿਲਾਫ ਐਸ ਸੀ/ ਐਸ ਟੀ ਐਕਟ ਦੇ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਝਾਂਸੀ ਪ੍ਰਸ਼ਾਸਨ ਦੀ ਰਿਪੋਰਟ ਮੰਗੀ ਗਈ ਹੈ।

ਖਬਰ ਨੂੰ ਸਭ ਤੋਂ ਪਹਿਲਾਂ ਦਿਖਾਉਣ ਲਈ ਕੁਝ ਪੱਤਰਕਾਰ ਉਥੇ ਪਹੁੰਚੇ। ਖੈਰਾ ਪਿੰਡ ਝਾਂਸੀ ਤੋਂ ਕਰੀਬ 45 ਕਿਲੋਮੀਟਰ ਦੀ ਦੂਰੀ ਤੇ ਪੈਂਦਾ ਹੈ। ਇੱਥੇ ਕੁੱਲ 300 ਦਲਿਤ ਲੋਕ ਰਹਿੰਦੇ ਹਨ। ਕੁਝ ਲੋਕਾਂ ਦੇ ਘਰ ਪੱਕੇ ਹਨ, ਤਾਂ ਜ਼ਿਆਦਾਤਰ ਲੋਕ ਝੌਂਪੜੀਆਂ ਅਤੇ ਖਪਰੈਲ ਦੇ ਘਰਾਂ ਵਿਚ ਰਹਿੰਦੇ ਹਨ। ਇਸ ਪਿੰਡ ਵਿਚ ਰਹਿਣ ਵਾਲੇ ਸਿਰਫ ਤਿੰਨ ਪਰਿਵਾਰ ਅਜਿਹੇ ਹਨ, ਜੋ ਉਚ ਜਾਤੀ ਦੇ ਹਨ। ਬਾਵਜੂਦ ਇਸਦੇ ਇਹ ਤਿੰਨ ਪਰਿਵਾਰ 300 ਦਲਿਤ ਲੋਕਾਂ ਤੇ ਭਾਰੀ ਪੈਂਦੇ ਹਨ।

ਚਾਰਪਾਈ ਤੇ ਬੈਠਣ ਕਾਰਨਹੁੰਦੀ ਹੈ ਕੁੱਟਮਾਰ

ਵੀਰ ਸਿੰਘ ਦੱਸਦੇ ਹਨ ਕਿ ਪਿੰਡ ਵਿਚ ਉਚ ਜਾਤੀ ਦੇ ਲੋਕਾਂ ਦੇ ਸਾਹਮਣੇ ਚਾਰਪਾਈ ਤੇ ਬੈਠਣਾ ਸਖਤ ਮਨ੍ਹਾ ਹੈ। ਗਲਤੀ ਨਾਲ ਵੀ ਜੇਕਰ ਕੋਈ ਦਲਿਤ ਉਹਨਾਂ ਦੇ ਸਾਹਮਣੇ ਚਾਰਪਾਈ ਤੇ ਜਾਂ ਕੁਰਸੀ ਤੇ ਬੈਠ ਜਾਂਦਾ ਹੈ ਤਾਂ ਉਸਦੀ ਕੁੱਟਮਾਰ ਕੀਤੀ ਜਾਂਦੀ ਹੈ। ਲਾਠੀ-ਡੰਡਿਆਂ ਨਾਲ ਉਸਦੀ ਲੱਤ ਤੋੜ ਦਿੰਦੇ ਹਨ।


ਸਪੈਸ਼ਲ ਅਮਰ ਤਿੱਲਾ

ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਰੰਟੀ ਸ਼ੁਦਾ ਇਲਾਜ ਲਈ ਰੋਗੀ ਮਿਲਣ ਜਾਂ ਫੋਨ-ਫੈਕਸ ਕਰਨ।

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)



ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ

ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਵੇਲੇ ਜਲਨ ਹੋਣਾ।

ਆਯੂਰਵੈਦਿਕ ਜੜੀਆਂ ਬੂਟੀਆਂ ਦਾ ਚਮਤਕਾਰ

ਅਮਰ ਕੋਰਸ ®

ਲਵੋ ਹਰ ਉਮਰ ਵਿੱਚ ਜਵਾਨੀ ਦਾ ਅਨੰਦ

ਜਵਾਨੀ ਵਿੱਚ ਬੁਢਾਪਾ ਮਹਿਸੂਸ ਹੋਣਾ, ਇੰਦਰੀ ਦਾ ਛੋਟਾਪਨ, ਨਸਾਂ ਦਾ ਢਿੱਲਾਪਣ, ਟੇਢਾਪਣ, ਨਾਮਰਦੀ, (ਸਮਾਂ ਘੱਟ ਲੱਗਣਾ) ਜਲਦੀ ਖਲਾਸ ਹੋਣਾ, ਧਾਤ, ਸੁਪਨਦੋਸ਼, ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ, ਸ਼ੁਕਰਾਣੂ ਘੱਟ ਬਣਨ ਜਾਂ ਬਿਲਕੁਲ ਨਾ ਹੋਣ ਦਾ ਪੱਕਾ ਇਲਾਜ। ਬੁਢਾਪੇ ਵਿਚ ਜਵਾਨ ਬਣੋ।



ਵੈਦ ਅਮਰਜੀਤ ਅਮਰ

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ।

ਸਾਡੀ ਦਵਾਈ ਨਾਲ ਕੋਈ ਬੁਰਾ ਅਸਰ (Side Effect) ਨਹੀਂ ਹੁੰਦਾ। ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ

ਅਮਰ ਦਵਾਖਾਨਾ (ਰਜਿ.)

ਦੁਕਾਨ ਨੰ. 10, ਪ੍ਰੇਮ ਮਾਰਕੀਟ, ਗੋਲ ਮਾਰਕੀਟ ਤੋਂ ਪਹਿਲਾਂ ਚੌਕ 'ਚ ਭੈਰੋਆਂ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।

ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ

website : www.amardawakhana.com email : amardawakhana@rediffmail.com

ਤੁਰੰਤ ਪੁੱਛਣ ਲਈ 98140-29888 98763-39888

ਦੇਸ਼ ਦੁਆਬਾ

# ਸ਼ਹੀਦ ਭਗਤ ਸਿੰਘ ਅਤੇ ਅਜੋਕੀ ਸਿਆਸਤ

ਬਹੁਤ ਛੋਟੀ ਉਮਰ ਵਿਚ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਅਜਿਹੀ ਕੁਰਬਾਨੀ ਦਿੱਤੀ, ਜਿਸ ਉਮਰ ਵਿਚ ਹਰੇਕ ਨੌਜਵਾਨ ਆਪਣਾ ਘਰ-ਪਰਿਵਾਰ ਵਸਾਉਣ ਅਤੇ ਚੰਗੇ ਭਵਿੱਖ ਦੇ ਸੁਪਨੇ ਬੁਣਦਾ ਹੈ। 20-21 ਸਾਲਾਂ ਦੀ ਉਮਰ ਵਿਚ ਖ਼ੂਨ ਉਬਾਲੇ ਖਾਂਦਾ ਹੈ, ਪਰ ਸਮਾਜ ਇਸ ਉਬਾਲੇ ਖਾਂਦੇ ਖ਼ੂਨ ਨੂੰ ਸਮਾਜਿਕ ਰਹੁ-ਰੀਤਾ ਵੱਲ ਹੋੜ ਦਿੰਦਾ ਹੈ। ਪਰ ਸ਼ਹੀਦ ਭਗਤ ਸਿੰਘ ਵਰਗੇ ਨੌਜਵਾਨ ਨੇ ਇਸ ਦੁਨਿਆਵੀ ਰਸਮਾਂ-ਰਿਵਾਜਾਂ ਤੋਂ ਉਪਰ ਉਠ ਕੇ ਪੂਰੀ ਦੁਨੀਆਂ ਲਈ ਅਜਿਹੀ ਮਿਸਾਲ ਪੈਦਾ ਕੀਤੀ, ਜਿਸ ਦੀ ਦਾਦ ਪੂਰੀ ਦੁਨੀਆਂ ਦੇ ਇਤਿਹਾਸਕਾਰਾਂ ਨੇ ਦਿੱਤੀ ਹੈ। ਈਸਵੀ 1900 ਦੇ ਕਰੀਬ ਦੁਨੀਆਂ ਦੇ 100 ਤੋਂ ਜ਼ਿਆਦਾ ਮੁਲਕ ਿ ਇੰਗਲੈਂਡ ਜਾਂ ਯੂਰਪ ਦੇ ਵੱਖ ਵੱਖ ਮੁਲਕਾਂ ਦੇ ਗੁਲਾਮ ਸਨ। 15ਵੀਂ ਸਦੀ ਵਿਚ ਇੰਗਲੈਂਡ ਵਿਚ ਆਈ ਉਦਯੋਗਿਕ ਕ੍ਰਾਂਤੀ ਨੇ ਮੱਧਕਾਲ ਦੇ ਇਤਿਹਾਸ ਨੂੰ ਦੁਹਰਾਇਆ ਅਤੇ ਵਪਾਰ ਅਤੇ ਤਕਨੀਕੀ ਕ੍ਰਾਂਤੀ ਨੇ ਇੰਗਲੈਂਡ ਨੂੰ ਦੁਨੀਆਂ ਦਾ ਸਰਵਸ਼੍ਰੇਸਠ ਮੁਲਕ ਬਣਾਇਆ। ਇਸ ਮੁਲਕ ਨੇ ਆਪਣੀ ਉਦਯੋਗਿਕ ਕ੍ਰਾਂਤੀ ਦੇ ਬਲ ਤੇ ਦੁਨੀਆਂ ਦੇ 100 ਤੋਂ ਜ਼ਿਆਦਾ ਮੁਲਕਾਂ ਨੂੰ ਗੁਲਾਮ ਬਣਾ ਲਿਆ। ਇਹ ਗੁਲਾਮੀ ਦੀਆਂ ਜ਼ੰਜੀਰਾਂ ਵੀ ਇੰਨੀਆਂ ਗੁੰਝਲਦਾਰ ਸਨ ਕਿ ਇਹਨਾਂ ਨੂੰ ਤੋੜਨਾ ਆਮ ਜਨ ਦੇ ਵੱਸ ਤੋਂ ਬਾਹਰ ਸੀ, ਕਿਉਂਕਿ ਇਹ ਗੁਲਾਮੀ ਯੋਜਨਾਬੱਧ ਅਤੇ ਪੂੰਜੀਵਾਦ ਉਤੇ ਕੇਂਦਰਿਤ ਸੀ। ਭਾਰਤ ਵੀ 17ਵੀਂ ਸਦੀ ਵਿਚ ਇਸੇ ਗੁਲਾਮੀ ਦੇ ਅਧੀਨ ਆਉਣ ਲੱਗ ਪਿਆ। ਇਸ ਗੁਲਾਮੀ ਨੂੰ ਪਰਿਭਾਸ਼ਿਤ ਕਰਨਾ ਔਖਾ ਹੋ ਗਿਆ। ਕਾਰਨ ਇਹ ਸੀ ਕਿ ਵਿਦੇਸ਼ੀ ਹਕੂਮਤ ਗੁਲਾਮ ਵੀ ਬਣਾਉਂਦੀ ਸੀ ਅਤੇ ਸਥਾਨਕ ਲੋਕਾਂ ਨੂੰ ਕੁਝ ਸਹੂਲਤਾਂ ਦੇ ਕੇ ਉਹਨਾਂ ਦੇ ਵੀ ਅਧਿਕਾਰ ਖੋਹ ਲੈਂਦੀ ਸੀ। ਇਸ ਗੁਲਾਮੀ ਨੂੰ ਭਾਰਤ ਦੇ ਲੋਕਾਂ ਨੇ 100 ਸਾਲਾਂ ਬਾਅਦ ਸਮਝਿਆ। 1857 ਦਾ ਵਿਦਰੋਹ ਹੋਇਆ, ਜੋ ਅਸਫਲ ਰਿਹਾ, ਪਰ ਇਸ ਵਿਦਰੋਹ ਨੇ ਗੁਲਾਮੀ ਨੂੰ ਸਮਝਣ ਵਿਚ ਭਾਰਤ ਦੇ ਲੋਕਾਂ ਦੀ ਕਾਫੀ ਮਦਦ ਕੀਤੀ, ਪਰ ਜੋ ਪ੍ਰਬੱਲਤਾ ਨਾਲ ਆਜ਼ਾਦੀ ਦੀ ਆਵਾਜ਼ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਪਹੁੰਚਾਈ, ਅੱਜ ਤੱਕ ਕੋਈ ਨਹੀਂ ਕਰ ਸਕਿਆ।

ਅੱਜ ਆਪਾਂ ਸ਼ਹੀਦ ਭਗਤ ਸਿੰਘ ਅਤੇ ਬਾਕੀ ਸ਼ਹੀਦਾਂ ਨੂੰ ਯਾਦ ਕਰਦੇ ਹਨ, ਉਹਨਾਂ ਦੇ ਜਨਮ ਦਿਨ ਅਤੇ ਸ਼ਹੀਦੀ ਦਿਨ ਮਨਾਉਂਦੇ ਹਾਂ। ਅੱਜ ਹਰੇਕ ਸਿਆਸੀ ਪਾਰਟੀ ਇਹਨਾਂ ਸ਼ਹੀਦਾਂ ਨੂੰ ਯਾਦ ਕਰਦੀ ਹੈ ਅਤੇ ਇਹਨਾਂ ਦੇ ਜਨਮ ਅਤੇ ਸ਼ਹੀਦੀ ਦਿਵਸ ਮਨਾਉਂਦੀ ਹੈ, ਪਰ ਸ਼ਹੀਦ ਭਗਤ ਸਿੰਘ ਦਾ ਸੁਨੇਹਾ ਪਹੁੰਚਾਉਣ ਦੀ ਥਾਂ ਸਾਰੀਆਂ ਪਾਰਟੀਆਂ ਆਪਣੇ ਸਿਆਸੀ ਸਵਾਰਥਾਂ ਵੱਸ ਇਹ ਦਿਨ ਮਨਾਉਂਦੀਆਂ ਹਨ। ਸ਼ਾਇਦ ਕਿਸੇ ਵੀ ਪਾਰਟੀ ਨੇ ਅਜਿਹੀ ਪਹਿਲ ਨਹੀਂ ਕੀਤੀ ਕਿ ਸ਼ਹੀਦ ਭਗਤ ਸਿੰਘ ਦੇ ਆਸ਼ੇ ਨੂੰ ਭਾਰਤ ਦੇ ਹਰ ਨਾਗਰਿਕ ਤੱਕ ਪਹੁੰਚਾਇਆ ਜਾਵੇ, ਬਲਕਿ ਵੋਟ ਬੈਂਕ ਦੀ ਰਾਜਨੀਤੀ ਕੀਤੀ ਜਾਂਦੀ ਹੈ।

ਸਿਆਸੀ ਪਾਰਟੀਆਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸ਼ਹੀਦ ਭਗਤ ਸਿੰਘ ਕੋਈ ਇਕ ਮਨੁੱਖ ਨਹੀਂ ਬਲਕਿ ਇਕ ਵਿਚਾਰਧਾਰਾ ਦਾ ਨਾਂ ਹੈ। ਉਹਨਾਂ ਦੀ ਵਿਚਾਰਧਾਰਾ ਅੱਜ ਦੇ ਸਮਾਜ ਵਿਚ ਵੀ ਉਨੀ ਹੀ ਕਾਮਯਾਬ ਹੈ, ਜਿੰਨੀ ਆਜ਼ਾਦੀ ਤੋਂ ਪਹਿਲਾਂ ਸੀ। ਇਸ ਤੱਥ ਨੂੰ ਸਾਡੇ ਸਿਆਸਤਦਾਨ ਕਦੋਂ ਸਮਝਣਗੇ?



– ਤਰਸੇਮ ਜਲੰਧਰੀ (ਸੰਪਾਦਕ)

# ਸ਼ਹੀਦ -ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਵਿਚਾਰਧਾਰਾ ਦਾ ਭੇਦ





ਐਚ.ਐਲ.ਕਪੂਰ
(916) 587-4002

ਭਾਰਤ ਇਕ ਮਹਾਨ ਦੇਸ਼ ਹੈ। ਇਹ ਜਦੋਂ ਵੀ ਆਪਣੇ ਆਜ਼ਾਦ ਹੋਣ 'ਤੇ ਗਰਵ ਮਹਿਸੂਸ ਕਰਦਾ ਹੈ ਤਾਂ ਉਸ ਦਾ ਸਿਰ ਹਮੇਸ਼ਾ ਉਹਨਾਂ ਮਹਾਂਪੁਰਸ਼ਾਂ ਸਾਹਮਣੇ ਝੁਕਦਾ ਹੈ, ਜਿਹਨਾਂ ਨੇ ਦੇਸ਼ ਪ੍ਰੇਮ ਦੇ ਰਾਹ 'ਤੇ ਚੱਲ ਕੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਹਜ਼ਾਰਾਂ ਇਸ ਤਰ੍ਹਾਂ ਦੇ ਨੌਜਵਾਨ ਵੀ ਸਨ, ਜਿਹਨਾਂ ਨੇ ਤਾਕਤ ਦੇ ਬਲ 'ਤੇ ਆਜ਼ਾਦੀ ਪ੍ਰਾਪਤ ਕਰਨ ਲਈ ਠਾਣੀ ਤੇ ਆਪਣੇ ਆਪ ਨੂੰ ਕ੍ਰਾਂਤੀਕਾਰੀ ਅਖਵਾਇਆ। ਭਾਰਤ ਵਿਚ ਜਦੋਂ ਵੀ ਕ੍ਰਾਂਤੀਕਾਰੀਆਂ ਦਾ ਨਾਮ ਲਿਆ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਦਾ ਨਾਮ ਹੀ ਲਿਆ ਜਾਂਦਾ ਹੈ। ਸਾਰੇ ਦੇਸ਼ ਦਾ ਭ੍ਰਮਣ ਕਰਦਿਆਂ, ਅਸੀਂ ਅਕਸਰ ਲੋਕਾਂ ਦੇ ਘਰਾਂ ਵਿਚ ਮਹਾਂਪੁਰਸ਼ਾਂ ਦੀਆਂ ਤਸਵੀਰਾਂ 'ਤੇ ਝਾਤ ਮਾਰਦੇ ਹਾਂ ਤਾਂ ਉਹਨਾਂ 'ਚ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਵੀ ਇਕ ਹਨ। ਉਹ ਸਾਡੇ ਕੌਮੀ ਮਹਾਂਨਾਇਕ ਹਨ, ਉਹਨਾਂ ਦਾ ਆਜ਼ਾਦੀ ਦੇ ਸੰਗਰਾਮ 'ਚ ਪਾਇਆ ਗਿਆ ਯੋਗਦਾਨ ਕਿਸੇ ਹੋਰ ਕੌਮੀ ਮਹਾਂਨਾਇਕ, ਜਿਵੇਂ ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ, ਸੁਭਾਸ਼ ਚੰਦਰ ਬੋਸ ਆਦਿ ਨਾਲੋਂ ਕਿਸੇ ਵੀ ਗੱਲੋਂ ਘੱਟ ਨਹੀਂ ਹੈ। ਸਗੋਂ ਉਹਨਾਂ ਦਾ ਰੁਤਬਾ ਤੇ ਮਾਣ-ਸਨਮਾਨ ਇਹਨਾਂ ਕੌਮੀ ਮਹਾਨਾਇਕਾਂ ਦੇ ਬਰਾਬਰ ਹੀ ਬੁਲੰਦ ਹੈ। ਇਹਨਾਂ ਕੌਮੀ ਮਹਾਨਾਇਕਾਂ ਨੂੰ ਸਨਮਾਨ ਦੇਣਾ ਸਾਡੇ ਲਈ ਅਤਿਅੰਤ ਜ਼ਰੂਰੀ ਹੈ। ਕਿਉਂਕਿ ਇਹਨਾਂ ਨੇ ਭਾਸ਼ਾ, ਖਿੱਤਾ ਤੇ ਧਰਮ ਤੋਂ ਉਪਰ ਉੱਠ ਕੇ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕੀਤਾ। ਲੋਕਾਂ ਨੂੰ ਆਜ਼ਾਦੀ ਲਈ ਜਾਗ੍ਰਿਤ ਕੀਤਾ, ਜੇਲ੍ਹਾਂ ਕੱਟੀਆਂ, ਅਨੇਕਾਂ ਸਰੀਰਕ ਕਸ਼ਟਾਂ ਨੂੰ ਝੱਲਿਆ ਤੇ ਫਾਂਸੀ ਦੇ ਰੱਸਿਆਂ ਨੂੰ ਮੁਸਕਰਾਉਂਦੇ ਹੋਏ ਤੇ ਭਾਰਤ ਦੀ ਆਜ਼ਾਦੀ ਲਈ ਲਲਕਾਰਦਿਆਂ ਹੋਇਆਂ, ਆਪਣੇ ਗਲੇ ਵਿਚ ਪਾਇਆ। ਇਸੇ ਲਈ ਹੀ ਇਹ ਸਮੁੱਚੀ ਭਾਰਤੀ ਜਨਤਾ ਦੇ ਕੌਮੀ ਮਹਾਨਾਇਕ ਅਖਵਾਉਂਦੇ ਹਨ। ਇਹਨਾਂ ਦੇ ਮਾਨ-ਸਨਮਾਨ 'ਤੇ ਵਿਅਕਤੀਤਵ ਨੂੰ ਸਮੇਂ ਦੀ ਕੋਈ ਵੀ ਹਨ੍ਹੇਰੀ ਭਾਰਤ ਵਾਸੀਆਂ ਦੀ ਚੇਤਨਾ 'ਚੋਂ ਧੁੰਦਲਾ ਕਰ ਸਕਣ ਦੇ ਅਸਮਰੱਥ ਹੈ। ਸਮੁੱਚੇ ਭਾਰਤ ਵਾਸੀਆਂ ਨੂੰ ਇਹਨਾਂ ਦੀ ਦਿੱਤੀ ਗਈ ਕੁਰਬਾਨੀ 'ਤੇ ਮਾਣ ਹੈ।

ਪਿਛਲੇ ਕੁਝ ਦਿਨਾਂ ਦੀ ਗੱਲ ਹੈ ਕਿ ਯੂ. ਕੇ. ਦੇ ਇਕ ਅੰਗਰੇਜ਼ੀ ਅਖ਼ਬਾਰ 'ਚ ਇਕ ਅੰਗਰੇਜ਼ ਵਿਦਵਾਨ ਨੇ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਨੂੰ ਇਕ ਕ੍ਰਾਂਤੀਕਾਰੀ ਇਨਕਲਾਬੀ ਸੂਰਮਾ ਕਹਿਣ ਦੀ ਬਜਾਏ 'ਇਕ ਉਗਰਵਾਦੀ' ਕਹਿ ਕੇ ਟਿੱਪਣੀ ਕੀਤੀ ਹੈ। ਓ ਸ ਅੰਗਰੇਜ਼ ਵਿਦਵਾਨ ਨੂੰ ਸ਼ਾਇਦ ਭਗਤ ਸਿੰਘ ਜੀ ਦੀ ਵਿਚਾਰਧਾਰਾ ਦਾ ਉੱਕਾ ਹੀ ਕੋਈ ਗਿਆਨ ਨਹੀਂ ਲੱਗਦਾ, ਜੋ ਇਸ ਤਰ੍ਹਾਂ ਦੇ ਅਰਥਹੀਣ, ਬੇਤੁੱਕੇ ਬਿਆਨ ਦਿੰਦਾ ਹੈ। ਵੈਸੇ ਵੀ ਅਸੀਂ ਜਦੋਂ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਕਿਸੇ ਵੀ ਅੰਗਰੇਜ਼ ਸ਼ਾਸਕ ਜਾਂ ਵਿਦਵਾਨ ਨੇ ਅੱਜ ਤੱਕ ਸਾਡੇ ਕਿਸੇ ਵੀ ਕ੍ਰਾਂਤੀਕਾਰੀ ਸੂਰਮੇ ਜਾਂ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਕਿਸੇ ਕੌਮੀ ਨੇਤਾ ਦੀ ਪ੍ਰਸ਼ੰਸਾ ਨਹੀਂ ਕੀਤੀ, ਕਿਉਂਕਿ ਭਾਰਤ ਦੀ ਆਜ਼ਾਦੀ ਦੀ ਗੱਲ ਕਰਨ ਵਾਲਾ ਹਰ ਸੂਰਮਾ ਉਹਨਾਂ ਦੀ ਨਜ਼ਰ ਵਿਚ ਮਾੜਾ ਹੀ ਹੈ। ਭਗਤ ਸਿੰਘ ਜੀ ਇਕ ਮਹਾਨ ਕ੍ਰਾਂਤੀਕਾਰੀ ਨੇਤਾ ਸਨ, ਜਿਹਨਾਂ ਦੀ ਵਿਚਾਰਧਾਰਾ ਨੂੰ ਸਮਝਣ ਵਾਲਾ ਹਰ ਆਦਮੀ ਉਹਨਾਂ ਨੂੰ 'ਉਗਰਵਾਦੀ' ਨਹੀਂ ਆਖੇਗਾ, ਸਗੋਂ ਉਸ ਨੂੰ ਇਕ ਮਹਾਨ ਸਮਾਜਵਾਦੀ, ਕ੍ਰਾਂਤੀਕਾਰੀ ਤੇ ਵਿਗਿਆਨਕ ਸੋਚ ਰੱਖਣ ਵਾਲਾ, ਇਕ ਪ੍ਰਗਤੀਸ਼ੀਲ ਮਹਾਂਪੁਰਸ਼ ਹੀ ਆਖੇਗਾ, ਜਿਸ ਨੇ ਨਿੱਕੀ ਉਮਰੇ ਆਪਣੀ ਬੌਧਿਕਤਾ ਦੇ ਵਿਕਾਸ ਦੀਆਂ ਕਈ ਮੰਜ਼ਿਲਾਂ ਪਾਰ ਕਰਕੇ, ਆਪਣੀ ਜਾਨ ਦੇਸ਼ ਤੋਂ ਕੁਰਬਾਨ ਕਰ ਦਿੱਤੀ। ਉਹਨਾਂ ਦੀ ਇਸ ਪ੍ਰਪੱਕ ਬੌਧਿਕਤਾ ਦੇ ਪਿੱਛੇ ਆਪਣੀ ਛੋਟੀ ਉਮਰ ਤੋਂ ਹੀ ਆਰੰਭ ਕੀਤਾ ਗਿਆ, ਸੰਸਾਰ ਤੇ ਭਾਰਤ ਦੇ ਕਈ ਮਹਾਨ ਚਿੰਤਕਾਂ ਦਾ ਅਧਿਐਨ ਹੀ ਸੀ। ਜਿਹਨਾਂ ਵਿਚ ਮਹਾਨ ਕ੍ਰਾਂਤੀਕਾਰੀ ਲੈਨਿਨ, ਕਾਰਲ ਮਾਰਕਸ, ਟੌਲਸਟਾਏ ਤੇ ਸੋਹਨ ਸੁਆਮੀ ਆਦਿ ਦਾ ਨਾਂ ਲਿਆ ਜਾ ਸਕਦਾ ਹੈ। ਭਗਤ ਸਿੰਘ ਜੀ ਦੇ ਜੀਵਨ ਫਸਲਫੇ ਨੂੰ ਜਾਨਣ ਲਈ ਨਿਮਨ-ਲਿਖਤ ਅਨੁਸਾਰ ਚਰਚਾ ਕੀਤੀ ਜਾਂਦੀ ਹੈ।

ਇੱਥੇ ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਸਿਰਫ ਇਕ ਤੇਈ ਸਾਲਾਂ ਦੇ ਨੌਜਵਾਨ 'ਚ ਉਹ ਕਿਹੜੀ ਖਾਸ ਗੱਲ ਹੈ, ਜਿਸ ਨੇ ਉਸ ਨੂੰ ਮਹਾਤਮਾ ਗਾਂਧੀ ਵਰਗੇ ਕੌਮੀ ਮਹਾਨਾਇਕਾਂ ਦੀ ਕਤਾਰ 'ਚ ਲਿਆ ਖੜ੍ਹਾ ਕੀਤਾ ਹੈ। ਭਾਰਤ ਦੀ ਆਜ਼ਾਦੀ ਦੇ ਮਹਾਂ ਸੰਗਰਾਮ ਵਿਚ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਵਾਲੇ, ਸੰਘਰਸ਼ ਕਰਨ ਵਾਲੇ ਤੇ ਫਾਂਸੀਆਂ ਦੇ ਰੱਸਿਆਂ ਨੂੰ ਹੱਸਦੇ-ਹੱਸਦੇ ਚੁੰਮਣ ਵਾਲੇ ਹੋਰ ਵੀ ਅਨੇਕਾਂ ਨਾਇਕ ਹਨ। ਆਖਰ ਕਿਹੜੀ ਅਜਿਹੀ ਗੱਲ ਹੈ, ਜੋ ਭਗਤ ਸਿੰਘ ਜੀ ਨੂੰ ਉਹਨਾਂ ਸਾਰਿਆਂ ਤੋਂ ਵਖਰਾਂਦੀ ਹੈ। ਕਿਉਂਕਿ ਉਹਨਾਂ ਦੀ ਸ਼ਹਾਦਤ ਸਾਡੇ ਮਨਾਂ ਅੰਦਰ ਉਨੀ ਹੀ ਜਵਾਨ, ਜਿੰਨੀ ਅੱਜ ਤੋਂ ਕੋਈ ਪੌਣੀ ਸਦੀ ਤੋਂ ਜ਼ਿਆਦਾ ਸਮਾਂ ਬੀਤ ਜਾਣ ਸਮੇਂ ਸੀ। ਹੈਰਾਨ ਕਰ ਦੇਣ ਵਾਲੀ ਗੱਲ ਤਾਂ ਇਹ ਹੈ ਕਿ ਭਗਤ ਸਿੰਘ ਜੀ ਨੂੰ ਕੌਮੀ ਨਾਇਕ ਮੰਨਣ ਵਾਲੇ ਕਿਸੇ ਇਕ ਸਿਆਸੀ ਵਿਚਾਰਧਾਰਾ ਜਾਂ ਕਿਸੇ ਖਾਸ ਵਰਗ ਤੱਕ ਸੀਮਤ ਨਹੀਂ ਰੱਖਿਆ ਜਾ ਸਕਦਾ, ਸਗੋਂ ਇਹ ਉਸ ਦੇ ਉਲਟ ਇਕ ਵਿਸ਼ਾਲ ਮਹਾਂਸਾਗਰ ਵਾਂਗ ਦਿਖਾਈ ਦਿੰਦਾ ਹੈ, ਜਿੱਥੋਂ ਆ ਕੇ ਸਾਰੇ ਰਾਜਨੀਤਿਕ, ਸਿਆਸੀ ਤੇ ਵਿਚਾਰਧਾਰਕ ਵਖਰੇਵੇਂ ਆਪਣੇ ਅਰਥ ਗੁਆ ਬੈਠਦੇ ਹਨ। ਉਹ ਸਗੋਂ ਇਕੋ ਵੇਲੇ ਹਿੰਦੂ-ਰਾਸ਼ਟਰਵਾਦੀਆਂ ਤੇ ਭਾਰਤ 'ਚ ਸਮਾਜਵਾਦ ਦੀ ਸਥਾਪਨਾ ਕਰਨ ਦੇ ਸੁਪਨੇ ਲੈਣ ਵਾਲਿਆਂ ਦਾ ਹਰਮਨ ਪਿਆਰਾ ਕ੍ਰਾਂਤੀਕਾਰੀ ਨਾਇਕ ਹੈ। ਹਿੰਦੂ-ਰਾਸ਼ਟਰਵਾਦੀ ਤੇ ਸਮਾਜਵਾਦੀ ਚੇਤਨਾ ਰੱਖਣ ਵਾਲੇ ਦੋਵੇਂ ਵਰਗ ਆਪੋ-ਆਪਣੇ ਮੰਤਵਾਂ ਨੂੰ ਪ੍ਰਾਪਤ ਕਰਨ ਲਈ ਭਗਤ ਸਿੰਘ ਜੀ ਦੀ ਦਿੱਤੀ ਗਈ ਕੁਰਬਾਨੀ ਨੂੰ ਆਪਣੇ ਹਿੱਤਾਂ ਲਈ ਵਰਤਣ ਦੀ ਕੋਸ਼ਿਸ਼ ਕਰਦੇ ਹਨ। ਇਸੇ ਲਈ ਹੀ ਤਾਂ ਭਗਤ ਸਿੰਘ ਸਮੁੱਚੀ ਭਾਰਤੀ ਮਾਨਵਤਾ ਦਾ ਸਾਂਝਾ ਮਹਾਨਾਇਕ ਹੋ ਨਿੱਬੜਿਆ ਹੈ। ਇਹਨਾਂ ਉਕਤ ਸਾਰੇ ਪ੍ਰਸ਼ਨਾਂ ਦਾ ਜਵਾਬ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਦੀ ਬੜੀ ਛੋਟੀ ਸੰਘਰਸ਼ਮਈ ਜੀਵਨ ਦੀਆਂ ਤਹਿਆਂ 'ਚ ਕ੍ਰਮਵਾਰ ਉਤਰ ਕੇ ਹੀ ਤਲਾਸ਼ਿਆ ਜਾ ਸਕਦਾ ਹੈ। ਇਸ ਦੇ ਉਪਰੰਤ ਸਾਨੂੰ ਭਗਤ ਸਿੰਘ ਜੀ ਦੇ ਜੀਵਨ ਦਾ ਅਧਿਐਨ ਸਿਰਫ ਇਤਿਹਾਸਕ ਨਜ਼ਰੀਏ ਤੋਂ ਕਰਨ ਦੀ ਬਜਾਏ, ਉਸ ਦੇ ਸਮੂਹਿਕ-ਜਨਤਕ ਆਈਨੇ 'ਚ ਬਣੇ ਬਿੰਬ ਵਜੋਂ ਵੀ ਦੇਖਣਾ ਪਵੇਗਾ। ਇਸ ਦੀਆਂ ਇਤਿਹਾਸਕ ਹੱਦਾਂ ਨੂੰ ਪਾਰ ਕਰਕੇ ਲੋਕਾਈ ਦੀਆਂ ਸਮਾਜਵਾਦੀ, ਯਥਾਰਥਵਾਦੀ ਤੇ ਵਿਗਿਆਨਕ ਹਕੀਕਤਾਂ ਵਿਚੋਂ ਵੀ ਤਲਾਸ਼ਣਾ ਪਵੇਗਾ।

ਭਗਤ ਸਿੰਘ ਜੀ ਦੇ ਵਿਚਾਰਧਾਰਕ ਜੀਵਨ ਅਤੇ ਬੜੀ ਤੇਜ਼ੀ ਨਾਲ ਹੋਏ ਬੌਧਿਕ ਵਿਕਾਸ ਵਿਚੋਂ ਹੀ ਉਹਨਾਂ ਦੇ ਬਣੇ ਜੰਤਕ-ਬਿੰਬ ਦੇ ਭੇਦ ਨੂੰ ਲੱਭਿਆ ਜਾ ਸਕਦਾ ਹੈ। ਜਿਹੜਾ ਕਿ ਇਕੋ ਸਮੇਂ ਹੀ ਕੌਮਪ੍ਰਸਤਾਂ, ਅੰਤਰ-ਰਾਸ਼ਟਰਵਾਦੀਆਂ, ਹਥਿਆਰਬੰਦ ਕ੍ਰਾਂਤੀਆਂ ਦੇ ਹਮਾਇਤੀਆਂ 'ਤੇ ਇਕ ਜਥੇਬੰਦਕ ਲਹਿਰ ਖੜ੍ਹੀ ਕਰਨ ਵਾਲਿਆਂ ਦੇ ਮਨਾਂ ਨੂੰ ਪ੍ਰਭਾਵਿਤ ਕਰਦਾ ਹੈ। ਹਰ ਵਰਗ ਨੂੰ ਉਸ ਦੇ ਹਕੀਕੀ, ਵਿਚਾਰਧਾਰਕ ਤੇ ਅਸਲੀ ਜੀਵਨ ਵਿਚੋਂ ਕੁਝ ਨਾ ਕੁਝ ਅਜਿਹਾ ਆਧਾਰ ਮਿਲ ਜਾਂਦਾ ਹੈ, ਜੋ ਉਸ ਨੂੰ ਆਪਣੇ ਭਗਤ ਸਿੰਘ ਬਣਨ ਲਈ ਸਹਾਈ ਬਣਦਾ ਹੈ। ਭਗਤ ਸਿੰਘ ਦੇ ਵਿਚਾਰਧਾਰਕ ਵਿਕਾਸ ਦੀ ਜਾਣਕਾਰੀ ਪ੍ਰਾਪਤ ਕਰਕੇ ਇਸ ਧਾਰਨਾ ਨੂੰ ਵਿਚਾਰ ਯੁਕਤ ਤੇ ਤਰਕਸੰਗਤ ਮੰਨਿਆ ਜਾ ਸਕਦਾ ਹੈ। ਛੋਟੀ ਜਿਹੀ ਉਮਰੇ ਹੀ 'ਬੰਦੂਕਾਂ ਤੇ ਅਸਲੇ ਦੀ ਫਸਲ ਬੀਜਣ ਵਾਲਾ' ਭਗਤ ਸਿੰਘ ਜਦੋਂ ਆਪਣੇ ਆਰੀਆ ਸਮਾਜੀ ਦਾਦਾ ਜੀ ਨੂੰ ਖ਼ਤ ਲਿਖਦਾ ਹੈ ਤਾਂ ਹਰ ਖ਼ਤ ਦਾ ਆਰੰਭ 'ਓਮ' ਤੋਂ ਹੁੰਦਾ ਹੈ। ਮਹਾਨ ਤਪੱਸਵੀਆਂ ਵਰਗਾ ਇਹ ਵਿਅਕਤੀਤਵ ਤੇ ਜਤ-ਸਤ ਦਾ ਪੁੰਗਰ ਰਿਹਾ ਸੋਮਾ ਨਿਸ਼ਚਿਤ ਤੌਰ 'ਤੇ ਭਾਰਤ ਦੇ ਰੋਮਾਂਟਿਕ-ਰਾਸ਼ਟਰਵਾਦੀਆਂ ਤੇ ਹਿੰਦੂ-ਰਾਸ਼ਟਰਵਾਦੀਆਂ ਨੂੰ ਆਪਣੇ ਮੇਚ ਆਉਂਦਾ ਨਜ਼ਰ ਆਉਂਦਾ ਹੈ। ਉਹ ਭਗਤ ਸਿੰਘ ਜੀ ਦੀ ਅਜਿਹੀ ਪਛਾਣ ਨੂੰ ਹੀ ਉਹਨਾਂ ਦੀ ਵਿਚਾਰ ਧਾਰਾ ਮੰਨ ਬੋਲਦੇ ਹਨ।

ਪਰ ਇਹ ਹਕੀਕਤ ਵੀ ਹੈ ਕਿ ਭਗਤ ਸਿੰਘ ਇਸ ਪੜਾਅ 'ਤੇ ਬਹੁਤ ਥੋੜ੍ਹੇ ਸਮੇਂ ਲਈ ਵਿਰਾਮ ਕਰਦਾ ਹੈ। ਆਪਣੀ ਜ਼ਿੰਦਗੀ ਦੇ ਅੰਤਿਮ ਪੜਾਅ 'ਤੇ ਪਹੁੰਚਿਆ ਉਹ ਐਲਾਨੀਆ ਤੌਰ 'ਤੇ ਨਾਸਤਕ ਹੋ ਨਿੱਬੜਦਾ ਹੈ। ਉਹ ਪ੍ਰਮਾਤਮਾ, ਈਸ਼ਵਰ ਜਾਂ ਰੱਬ ਦੀ ਹੋਂਦ ਨੂੰ ਨਕਾਰਦਾ ਤੇ ਲਲਕਾਰਦਾ ਹੈ। ਉਹ ਪ੍ਰਮਾਤਮਾ ਦੀ ਕਾਲਪਨਿਕ ਹੋਂਦ ਨੂੰ ਸਮੁੱਚੀ ਮਾਨਵਤਾ ਦੇ ਦੁੱਖਾਂ, ਦਰਦਾਂ ਤੇ ਗੁਲਾਮੀ ਦਾ ਕਾਰਨ ਮੰਨਦਾ ਹੈ। ਉਹ ਪ੍ਰਮਾਤਮਾ ਨੂੰ ਕਿਸੇ ਮਾਤਰ ਮਨੁੱਖ ਦੀ ਕਲਪਨਾ ਮਾਤਰ ਹੀ ਮੰਨਦਾ ਹੈ। ਉਸ ਦੀ ਨਾਸਤਿਕ ਵਿਚਾਰਧਾਰਾ ਦਾ ਇਹ ਪੜਾਅ ਉਸ ਦੇ ਖੱਬੇ-ਪੱਖੀ ਸ਼ਰਧਾਲੂਆਂ ਨੂੰ ਇਕ ਵਰਦਾਨ ਦਾ ਰੂਪ ਸਾਬਤ ਹੁੰਦਾ ਹੈ। ਉਹ ਭਗਤ ਸਿੰਘ ਜੀ ਦੀ ਛਵੀ ਨੂੰ ਇਸੇ ਵਿਚਾਰਧਾਰਾ 'ਤੇ ਉਸਾਰਦੇ ਹਨ ਤੇ ਉਹ ਅੱਗੇ ਜਾ ਕੇ ਇਸ ਵਿਚ ਕਿਸੇ ਕਿਸਮ ਦੀ ਤਬਦੀਲੀ ਦਾ ਕਿਆਸ ਵੀ ਨਹੀਂ ਕਰਦੇ ਤੇ ਭਗਤ ਸਿੰਘ ਜੀ ਦੀ ਇਸ ਵਿਚਾਰਧਾਰਾ ਨੂੰ ਉਸ ਦਾ ਸਿਰ ਮੰਨ ਲੈਂਦੇ ਹਨ ਤੇ ਜਿਸ 'ਤੇ ਭਗਤ ਸਿੰਘ ਜੀ ਵਰਗਾ ਯੋਧਾ ਆਪਣੀ ਚੜ੍ਹਦੀ ਉਮਰੇ ਹੀ ਜਿੱਤ ਪ੍ਰਾਪਤ ਕਰ ਗਿਆ।

ਇਸ ਚੜ੍ਹਦੀ ਜਵਾਨੀ 'ਚ ਭਗਤ ਸਿੰਘ ਜੀ ਸਿਰਤੋੜ ਯਤਨ ਕਰਦੇ ਹਨ ਕਿ ਉਹਨਾਂ ਦਾ ਅੱਤਵਾਦ 'ਚ ਕੋਈ ਵਿਸ਼ਵਾਸ ਨਹੀਂ ਹੈ। ਉਹ ਬੜੇ ਸਪੱਸ਼ਟ ਸ਼ਬਦਾਂ 'ਚ ਐਲਾਨ ਕਰਦੇ ਹਨ ਕਿ ਇਕ ਰਾਜਨੀਤਿਕ ਹਥਿਆਰ ਵਜੋਂ ਅੱਤਵਾਦ ਸੰਸਾਰ ਦੇ ਕਿਸੇ ਵੀ ਕੋਨੇ 'ਚ ਕਾਮਯਾਬ ਨਹੀਂ ਹੋਇਆ ਹੈ ਤੇ ਨਾ ਹੀ ਕਦੀ ਹੋਵੇਗਾ।

ਇਸ ਦੇ ਨਾਲ ਉਹ ਇਹ ਵੀ ਸਵੀਕਾਰ ਕਰਦੇ ਹਨ ਕਿ ਉਹਨਾਂ ਦੇ ਰਾਜਨੀਤਿਕ ਜੀਵਨ ਦਾ ਆਰੰਭ ਇਕ ਦਹਿਸ਼ਤਗਰਦ ਦੇ ਰੂਪ ਵਿਚ ਹੋਇਆ ਹੈ। ਉਹਨਾਂ ਨੇ ਬੌਧਿਕ ਤੇ ਵਿਚਾਰਧਾਰਕ ਫਰਮਾਨਾਂ ਨਾਲੋਂ, ਉਹਨਾਂ ਦੇ ਅਸਲ ਜਨਤਕ ਮਨਾਂ ਅੰਦਰ ਡੂੰਘਾ ਅਸਰ ਕਰਦੇ ਹਨ। ਇਸ ਦਾ ਭਾਵ ਬੜਾ ਸਪਸ਼ਟ ਹੈ। ਉਹਨਾਂ ਦੇ ਬੌਧਿਕ ਤੇ ਵਿਚਾਰਧਾਰਕ ਐਲਾਨਾਂ ਦਾ ਸਬੰਧ ਚੇਤਨ ਮਨ ਅਤੇ ਸੁਚੇਤ ਅਮਲ ਨਾਲ ਹੈ, ਜੋ ਬੜੇ ਹੇਠਲੇ ਪੱਧਰ 'ਤੇ ਮਨ 'ਚ ਆਉਂਦੇ ਹਨ ਤੇ ਇਹਨਾਂ ਵਿਚ ਆਉਣ ਵਾਲੇ ਬਦਲਾਅ ਵੀ ਬੜੀ ਜਲਦੀ-ਜਲਦੀ ਆਉਂਦੇ ਹਨ। ਅੰਗਰੇਜ਼ ਸਾਂਡਰਸ ਨੂੰ ਮਾਰ ਕੇ ਅਣਖਾਂ ਦੀ ਖਾਤਰ ਮਰ ਮਿਟਣ ਵਾਲੇ, ਅਸੈਂਬਲੀ ਵਿਚ ਫੋਕਾ ਬੰਬ ਸੁੱਟ ਕੇ ਵੈਰੀ ਅੰਗਰੇਜ਼ ਨੂੰ ਲਲਕਾਰਨ ਵਾਲੇ ਸੂਰਮੇ ਦੇ ਅਕਸ ਦੀ ਉਸਾਰੀ ਮਾਨਵ ਮਨ ਆਪਣੇ ਹੀ ਸਮੂਹਿਕ ਅਵਚੇਤਨ ਵਿਚੋਂ ਕਰਦਾ ਹੈ, ਜਿਹੜਾ ਕਿ ਕੋਈ ਸੁਚੇਤ ਨਿਰਣਾ ਨਹੀਂ ਹੈ। ਇਹ ਸਗੋਂ ਅਤੀ ਕਠੋਰ ਅਤੇ ਅਣਸੁਖਾਵੀਆਂ ਅਸਲੀਅਤਾਂ ਦੇ ਸਨਮੁੱਖ ਖਾਹਸ਼ਾਂ ਦੀ ਅਵਚੇਤਨ ਸਿਰਜਣ ਪ੍ਰਕਿਰਿਆ ਹੀ ਹੈ। ਇਹ ਸਭ ਕੁਝ ਦੇ ਹੁੰਦਿਆਂ ਹੋਇਆਂ ਵੀ ਭਗਤ ਸਿੰਘ ਜੀ ਦੇ ਬੌਧਿਕ ਤੇ ਵਿਚਾਰ ਧਾਰਕ ਪ੍ਰਗਤੀ ਦੀ ਗਤੀ ਇਸ ਤੋਂ ਭਿੰਨ ਹੈ। ਇਸ ਵਿਚ ਉਹ ਕਿਧਰੇ ਵੀ ਆਰਾਮ ਕਰਕੇ ਨਹੀਂ ਬਹਿੰਦਾ।

ਸਾਂਡਰਸ ਦੇ ਕਤਲ ਤੋਂ ਬਾਅਦ ਉਹ ਖੁਸ਼ ਨਹੀਂ, ਸਗੋਂ ਉਦਾਸ ਰਹਿੰਦਾ ਹੈ। ਇਸ ਅਸਲੀਅਤ ਦਾ ਪਤਾ ਲੋਕ ਗੀਤਾਂ ਤੋਂ ਨਹੀਂ, ਸਗੋਂ ਉਹਨਾਂ ਨਾਲ ਵਿਚਰੇ ਸਾਥੀਆਂ ਤੇ ਦੋਸਤਾਂ ਦੀਆਂ ਯਾਦਾਂ ਤੋਂ ਪ੍ਰਾਪਤ ਹੁੰਦਾ ਹੈ। ਜੋ ਅੱਜ ਵੀ ਸਾਡੇ ਕੋਲ ਲਿਖਤ ਰੂਪ 'ਚ ਉਪਲਬਧ ਹਨ। ਬੰਗਾਲ 'ਚ ਇਨਕਲਾਬੀ ਸਾਥੀਆਂ ਨਾਲ ਰਹਿੰਦੀਆਂ 'ਵਿਅਕਤੀਗਤ ਸਿਆਸੀ ਕਤਲਾਂ' ਦੀ ਅਰਥਹੀਣਤਾ ਦਾ ਉਸ ਨੂੰ ਪੂਰਾ ਗਿਆਨ ਹੋ ਜਾਂਦਾ ਹੈ। ਅਸੈਂਬਲੀ 'ਚ ਫੋਕਾ ਬੰਬ ਸੁੱਟਣਾ ਕਿਸੇ ਅਹਿੰਸਕ ਵਿਚਾਰਧਾਰਾ ਦਾ ਪ੍ਰਗਟਾ ਨਹੀਂ ਹੈ, ਸਗੋਂ ਲੋਕਾਂ ਤੱਕ ਆਪਣੀ ਪਾਰਟੀ ਦੀ ਯੋਜਨਾ ਤੇ ਵਿਚਾਰਧਾਰਾ ਨੂੰ ਪਹੁੰਚਾਉਣ ਦਾ ਤਰੀਕਾ ਮਾਤਰ ਹੀ ਹੈ। ਅਸੈਂਬਲੀ 'ਚ ਸੁੱਟੇ ਗਏ ਪੈਂਫਲਿਟ ਅਤੇ ਨਿਆਂਪਾਲਿਕਾ ਦੀ ਕਾਰਵਾਈ ਸਮੇਂ ਦਿੱਤੇ ਗਏ ਬਿਆਨ, ਇਸੇ ਅਸਲੀਅਤ ਨੂੰ ਬਿਆਨ ਕਰਦੇ ਹਨ ਕਿ ਮਾਨਵਤਾ ਦੇ ਜੀਵਨ ਦੀ ਉਹਨਾਂ ਦੇ ਮਨ ਅੰਦਰ ਕਿੰਨੀ ਇੱਜ਼ਤ ਹੈ। ਉਹ ਧਾਰਮਿਕ ਕੱਟੜਤਾਵਾਂ ਤੇ ਨਿੱਜੀ ਸੁਆਰਥਾਂ ਤੋਂ ਮੁਕਤ ਸੀ। ਇਸ ਲਈ ਉਕਤ ਚਰਚਾ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਭਗਤ ਸਿੰਘ ਜੀ ਦਾ ਅਮਲੀ ਤੇ ਵਿਚਾਰਧਾਰਕ ਜੀਵਨ, ਵੱਖ-ਵੱਖ ਤੇ ਵਿਰੋਧੀ ਵਿਚਾਰਧਾਰਕ ਵਰਗਾਂ ਨੂੰ ਇਕ ਮਜ਼ਬੂਤ ਆਧਾਰ ਪ੍ਰਦਾਨ ਕਰਦਾ ਹੈ ਤਾਂ ਜੋ ਉਹ ਇਸ ਨੂੰ ਆਪਣੇ ਪ੍ਰਤੀਨਿੱਧ ਦੇ ਰੂਪ ਵਿਚ ਸਵੀਕਾਰ ਕਰ ਸਕਣ। ਵਿਵਹਾਰਿਕ, ਰਾਜਨੀਤਿਕ ਸੇਧ ਤੇ ਵਿਚਾਰਧਾਰਕ ਸੂਝ ਪੱਖੋਂ ਭਾਵੇਂ ਇਹ ਰਸਤਾ ਗੰਧਲਾ ਤੇ ਉਲਝਣਾਂ ਭਰਪੂਰ ਹੋ ਸਕਦਾ ਹੈ, ਪਰ ਭਗਤ ਸਿੰਘ ਜੀ ਦੀ ਹਰਮਨ ਪਿਆਰਤਾ ਤੇ ਵਿਰੋਧੀ ਖੇਮਿਆਂ ਦਾ ਸਾਂਝਾ ਹੋ ਸਕਣ ਦੀ, ਉਸ ਦੀ ਸਮਰੱਥਾ ਦਾ ਭੇਦ ਵੀ ਇਸੇ ਅੰਦਰ ਸਮਾਇਆ ਹੋਇਆ ਹੈ। ਇਸ ਅਸਲੀਅਤ ਨੂੰ ਕਿਸੇ ਵੀ ਤਰ੍ਹਾਂ ਝੁਠਲਾਇਆ ਨਹੀਂ ਜਾ ਸਕਦਾ। ਭਗਤ ਸਿੰਘ ਜੀ ਦੀ ਵਿਚਾਰ ਧਾਰਕ ਉਡਾਰੀ ਇੰਨੀ ਵਿਸ਼ਾਲ ਹੈ, ਜੋ ਇਕੋ ਸਮੇਂ ਸਾਰੇ ਵਿਰੋਧੀ ਪੱਖਾਂ ਨੂੰ ਆਪਣੇ ਕਲਾਵੇ ਵਿਚ ਲੈ ਲੈਣ ਦੀ ਸਮਰੱਥਾ ਰੱਖਦੀ ਹੈ। ਇਸ ਲਈ ਹੀ ਭਗਤ ਸਿੰਘ ਕਿਸੇ ਵਰਗ ਵਿਸ਼ੇਸ਼, ਵਿਚਾਰਧਾਰਾ, ਧਰਮ, ਪ੍ਰਾਂਤ ਤੇ ਭਾਸ਼ਾ ਦਾ ਨਾਇਕ ਨਾ ਹੋ ਕੇ ਸਮੁੱਚੇ ਭਾਰਤ ਵਰਸ਼ ਦਾ ਸਿਰਮੌਰ ਮਹਾਂ-ਨਾਇਕ ਹੈ। ਉਸ ਦਾ ਮਹਾਨਤਾ ਤੇ ਉਸ ਦੇ ਵਿਅਕਤੀਤਵ ਨੂੰ ਪੰਡਿਤ ਜਵਾਹਰ ਲਾਲ ਜੀ ਨਹਿਰੂ ਤੇ ਸੁਭਾਸ਼ ਚੰਦਰ ਬੋਸ ਜੀ ਵਰਗੇ ਪ੍ਰਗਤੀਸ਼ੀਲ ਮਹਾਂ-ਨਾਇਕ ਹੀ ਨਹੀਂ, ਸਗੋਂ ਰਾਸ਼ਟਰ ਪਿਤਾ ਅਖਵਾਉਣ ਵਾਲੇ ਮਹਾਂ-ਨਾਇਕ ਮਹਾਤਮਾ ਗਾਂਧੀ ਜੀ ਵੀ ਖੁਦ ਸਵੀਕਾਰ ਕਰਦੇ ਹਨ। ਆਪਣੀ ਵਿਗਿਆਨਕ ਤੇ ਬੌਧਿਕ ਵਿਚਾਰਧਾਰਾ ਦੀ ਵਿਸ਼ਾਲਤਾ ਨਾਲ ਹੀ ਉਹ ਸਮੇਂ ਨੂੰ ਪਛਾੜਨ ਦੇ ਸਮਰੱਥ ਹੋਇਆ ਹੈ। ਅੱਜ ਸਮਾਂ ਬੀਤਣ ਨਾਲ ਹੌਲੀ-ਹੌਲੀ ਬਹੁਤ ਸਾਰੇ ਪੁਰਾਣੇ ਆਜ਼ਾਦੀ ਦੇ ਸੂਰਮਿਆਂ ਦੇ ਅਕਸ ਧੁੰਦਲਾ ਰਹੇ ਹਨ, ਪਰ ਭਗਤ ਸਿੰਘ ਜੀ ਦਾ ਅਕਸ ਉਵੇਂ ਹੀ ਸੂਰਜ ਦੀ ਤਰ੍ਹਾਂ ਚਮਕਦਾ ਰਹੇਗਾ, ਕਿਉਂਕਿ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਇਕ ਅਜਿਹੇ ਚਮਕਦੇ ਗਿਆਨ ਤੇ ਕੁਰਬਾਨੀ ਦੇ ਸੂਰਜਨ ਹਨ, ਜਿਹਨਾਂ ਦਾ ਚਾਨਣ ਸਮੁੱਚੀ ਮਾਨਵਤਾ ਨੂੰ ਅਗਿਆਨਤਾ ਦੇ ਹਨ੍ਹੇਰੇ 'ਚੋਂ ਕੱਢ ਕੇ ਕੁਰਬਾਨੀ ਅਤੇ ਦੇਸ਼ ਪਿਆਰ ਦਾ ਜਜ਼ਬਾ ਪੈਦਾ ਕਰਦਾ ਤੇ ਪ੍ਰੇਰਨਾ ਦਿੰਦਾ ਹੋਇਆ, ਵਿਗਿਆਨਕ ਦ੍ਰਿਸ਼ਟੀਕੋਣ ਧਾਰਨ ਕਰਨ, ਸਮਾਜਵਾਦੀ-ਯਥਾਰਥਵਾਦੀ ਬਣਨ ਤੇ ਪ੍ਰਗਤੀਸ਼ੀਲਤਾ ਗ੍ਰਹਿਣ ਕਰਨ ਦੀ ਰੌਸ਼ਨੀ ਦਿੰਦਾ ਰਹੇਗਾ।

ਸਾਰੀ ਮਾਨਵਤਾ ਲਈ ਸ਼ਹੀਦੇ-ਆਜ਼ਮ ਸਰਕਾਰ ਭਗਤ ਸਿੰਘ ਜੀ ਕੋਲ ਥਾਂ ਹੈ ਤੇ ਉਹ ਕਿਸੇ ਨੂੰ ਵੀ ਨਿਰਾਸ਼ ਨਹੀਂ ਕਰਦਾ। ਉਹਨਾਂ ਦੇ ਸ਼ਹੀਦ ਪੁਰਬ 'ਤੇ ਬੜੇ ਸਤਿਕਾਰ ਨਾਲ ਮੈਂ ਆਪਣੇ ਸ਼ਰਧਾ ਸੁੰਮਨ ਪੇਸ਼ ਕਰਦਾ ਹਾਂ।

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ

**61-01 Broadway, Woodside NY 11377**



ਸ੍ਰੀ ਗੁਰੂ ਰਵਿਦਾਸ ਜੀ

## ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਪੁਰਬ ਦੇ ਸਬੰਧ ਵਿਚ

# ਮਹਾਨ ਗੁਰਮਤਿ ਸਮਾਗਮ

28 ਸਤੰਬਰ ਦਿਨ ਐਤਵਾਰ ਨੂੰ
ਸ੍ਰੀ ਗੁਰੂ ਰਵਿਦਾਸ ਸਭਾ
ਨਿਊਯਾਰਕ ਵਿਖੇ ਕਰਵਾਏ ਜਾ ਰਹੇ ਹਨ।
26 ਸਤੰਬਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ 10 ਵਜੇ
28 ਸਤੰਬਰ ਭੋਗ ਸ੍ਰੀ ਅਖੰਡ ਪਾਠ ਸਾਹਿਬ 10 ਵਜੇ



ਸ੍ਰੀ ਗੁਰੂ ਨਾਨਕ ਦੇਵ ਜੀ

## ਪਹੁੰਚ ਰਹੇ ਕੀਰਤਨੀ ਜਥੇ ਅਤੇ ਪ੍ਰਚਾਰਕ

**ਭਾਈ ਮੇਜਰ ਸਿੰਘ ਸ਼ਾਂਤ ਜਲੰਧਰ ਵਾਲੇ, ਭਾਈ ਅਮਰਜੀਤ ਸਿੰਘ (ਹੈੱਡ ਗ੍ਰੰਥੀ)**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

**3475388296, 7182138136, 7188988150**



# StopitKids Parental

## and Cyber control mobile app

**How do you keep your child and computer safe from online dangers?**

* Protect your child by restricting them from accessing inappropriate websites, remotely, through mobile devices
* Protect their computer by monitoring sensitive information collection requests and inappropriate software downloads.
* Block and unblock websites, webpages or the whole browser remotely through mobile devices, in real time
* Manage the amount of time that your kids spend online
* View a website snapshot
* Get notification alerts when visiting "bad" or sensitive information collecting web sites
* Send message to the browser to remind kid to concentrate on the study etc.
* Daily report to the customer for inappropriate website usages.
* Remote deletion of the StopItKids browser extension.
* If rules and regulations allow then employers can keep watch on employees and use all above mentioned features.



# Vijay Kumar

## Managing Director

**859-282-1400, 859-912-0941, 603-954-3098**

H3 Technologies, LLC

**Please visit**

**www.stopitkids.com**

web site for more information including installation and usage information.





**Certified Minority and women owned company**

Fastest 30 growing company award from NKY Chamber
Fastest 55 growing company award from Business Courier

**71 Cavalier Blvd., Suite 205, Florence, KY 41042, USA**

## ਮਾਸਟਰਜ਼ ਬੈਂਚ ਪ੍ਰੈਸ ਚੈਂਪੀਅਨਸ਼ਿਪ 'ਚ ਜਸਵੰਤ ਸਿੰਘ ਨੂੰ ਕਾਂਸੀ ਦਾ ਤਮਗਾ



ਮੁਕੰਦਪੁਰ-(ਰੇਸ਼ਮ) ਨੈਸ਼ਨਲ ਪਾਵਰ ਲਿਫਟਰ ਫੈਡਰੇਸ਼ਨ ਅਤੇ ਪੰਜਾਬ ਸਟੇਟ ਪਾਵਰ ਲਿਫਟਰ ਐਸੋਸੀਏਸ਼ਨ ਵਲੋਂ 13-14 ਨਬੰਵਰ ਨੂੰ ਮਾਸਟਰਜ਼ ਮੈਨ ਐਂਡ ਵੁਮੈਨ ਬੈਂਚ ਪ੍ਰੈਸ ਚੈਂਪੀਅਨਸ਼ਿਪ ਦਾ ਆਯੋਜਨ ਲੁਧਿਆਣਾ ਦੇ ਕਮਲ ਲੋਹਟੀਆ ਕਾਲਜ ਵਿਖੇ ਕਰਵਾਇਆ ਗਿਆ। ਜਿਸ ਵਿਚ ਪੰਜਾਬ ਦੇ ਭਰ ਦੇ ਪਾਵਰ ਲਿਫਟਰਾਂ ਨੇ ਭਾਗ ਲਿਆ। ਇਸ ਚੈਂਪੀਅਨਸ਼ਿਪ ਵਿਚ ਕਰਨਾਣਾ ਦੇ ਜਸਵੰਤ ਸਿੰਘ ਪੁੱਤਰ ਮੋਤੀ ਰਾਮ ਲੱਧੜ (ਅਮਰੀਕਾ) ਨੇ 67 ਕਿਲੋਗ੍ਰਾਮ ਭਾਰ ਵਰਗ ਵਿਚ ਤੀਜਾ ਸਥਾਨ ਹਾਸਲ ਕਰਕੇ ਕਾਂਸੀ ਦਾ ਤਮਗਾ ਹਾਸਲ ਕੀਤਾ। ਇਸ ਮੌਕੇ ਐਸੋਸੀਏਸ਼ਨ ਦੇ ਨਿਰਮਲ ਕੁਮਾਰ ਸਾਹਾ, ਕਾਰਜਕਾਰੀ ਪ੍ਰਧਾਨ ਭੁਪਿੰਦਰ ਦੇਵਗਨ ਅਤੇ ਲੀਓ ਪੀਟਰ ਆਨਰੇਰੀ ਜਨਰਲ ਸੈਕਟਰੀ ਐਨ.ਪੀ. ਐਫ. ਨੇ ਇਨਾਮ ਤਕਸੀਮ ਕੀਤੇ।

# ਬੁਲੇਟ ਟਰੇਨ ਦੇ ਸੁਪਨੇ




ਸਰਕਾਰ ਦਾ ਮੁੱਖ ਕੰਮ ਦੇਸ਼ ਦੇ ਨਾਗਰਿਕਾਂ ਨੂੰ ਰੋਟੀ, ਕਪੜਾ ਅਤੇ ਮਕਾਨ ਮੁਹਈਆ ਕਰਾਉਣਾ ਹੈ। ਪਰ ਭਾਰਤ ਵਿੱਚ ਹੁਣ ਤੱਕ ਬਣੀਆਂ ਸਰਕਾਰਾਂ ਅਜ਼ਾਦੀ ਦੇ 65 ਸਾਲਾਂ ਵਿੱਚ ਵੀ ਲਕਾਂ ਦੀਆਂ ਇਹ ਮੁਢਲੀਆਂ ਲੋੜਾਂ ਪੂਰੀਆਂ ਕਰਨ ਵਿੱਚ ਨਾ ਕੇਵਲ ਅਸਫਲ ਰਹੀਆਂ ਹਨ ਬਲਕਿ ਦੇਸ਼ ਦੀਆਂ ਮੁਖ ਸਿਆਸੀ ਪਾਰਟੀਆਂ ਲੋਕਾਂ ਦਾ ਧਿਆਨ ਰੋਟੀ, ਕਪੜੇ ਅਤੇ ਮਕਾਨ ਤੋਰ ਹਟਾਉਣ ਲਈ ਵਿਕਾਸ ਦੀਆਂ ਗੱਲਾਂ ਕਰ ਰਹੀਆਂ ਹਨ।

ਵਿਕਾਸ ਵਿੱਚ ਤਿੰਨ ਗੱਲਾਂ ਸ਼ਾਮਲ ਹਨ- ਬਿਜਲੀ, ਸੜਕ, ਪਾਣੀ। ਇਹ ਤਿੰਨੇ ਚੀਜ਼ਾਂ ਰੋਟੀ, ਕਪੜੇ ਤੇ ਮਕਾਨ ਦਾ ਸਥਾਨ ਨਹੀਂ ਲੈ ਸਕਦੀਆਂ। ਇਸੇ ਕਾਰਣ ਹੀ ਲੋਕ ਸਭਾ ਚੋਣਾਂ 2014 ਵਿੱਚ ਦੇਸ਼ ਦੀ ਸਭ ਤੋਰ ਵੱਡੀ ਪਾਰਟੀ- ਕਾਂਗਰਸ - 44 ਸੀਟਾਂ ਤੱਕ ਸਿਮਟ ਕੇ ਰਹਿ ਗਈ ਅਤੇ ਸਤਾ ਤੋਰ ਬਾਹਰ ਹੋ ਗਈ। ਮਹਿੰਗਾਈ ਖਤਮ ਕਰਕੇ 'ਚੰਗੇ ਦਿਨ' ਲਿਆਉਣ ਦੇ ਸੁਪਨੇ ਲ ੋਕਾਂ ਨੂੰ ਵਿਖਾਉਣ ਵਾਲੀ ਭਾਰਤੀਆ ਜਨਤਾ ਪਾਰਟੀ ਇਤਿਹਾਸਕ ਜਿੱਤ ਪ੍ਰਾਪਤ ਕਰਕੇ ਤਾਕਤ ਵਿੱਚ ਆ ਗਈ। ਉਸਨੇ ਵਾਅਦਾ ਕੀਤਾ ਸੀ ਕਿ ਉਹ 100 ਦਿਨ ਦੇ ਅੰਦਰ ਪਾਸਾ ਪਲਟ ਦੇਵੇਗੀ। ਪਰ ਆਪਣੇ ਵਾਅਦੇ ਪੂਰੇ ਨਾ ਕਰ ਸਕੀ। ਨਤੀਜਾ ਇਹ ਨਿਕਲਿਆ ਕਿ ਪਿਛਲੇ ਕੁਝ ਹਫਤਿਆਂ ਵਿੱਚ ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ ਹ ੋਈਆਂ ਉਪ ਚ ੋਣਾਂ ਵਿੱਚ ਭਾਰਤੀਆ ਜਨਤਾ ਪਾਰਟੀ ਬੁਰੀ ਤਰ੍ਹਾਂ ਪਿੱਟ ਗਈ।

ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕਾਂ ਨੂੰ ਬੁਲੇਟ ਟਰੇਨ ਦਾ ਸੁਪਨਾ ਵਿਖਾਉਣਾ ਸ਼ੁਰੂ ਕਰ ਦਿੱਤਾ ਹੈ। ਜਿਸ ਦੇਸ਼ ਵਿੱਚ 25 ਫੀਸਦੀ ਲੋਕ ਰਾਤ ਨੂੰ ਭੁੱਖੇ ਪੇਟ ਸੌਂ ਸਕਦੇ ਹੋਣ, ਇਕ ਤਿਹਾਈ ਜਨਤਾ ਫੁੱਟਪਾਥਾਂ ਤੇ ਸੌਂ ਰਹੀ ਹੋਵੇ ਅਤੇ ਜਿਸ ਦੇਸ਼ ਦੇ ਲੱਖਾਂ ਲੋਕ ਰੂੜੀਆਂ ਤੇ ਲੋਕਾਂ ਵਲੋਂ ਸੁੱਟੇ ਜੂਠੇ ਖਾਣੇ ਵਿੱਚ ਹੋਰ ਚੀਜ਼ਾਂ ਲੱਭ ਲੱਭ ਕੇ ਆਪਣਾ ਪੇਟ ਭਰਦੇ ਹੋਣ, ਉਸ ਦੇਸ਼ ਦੇ ਲ ੋਕਾਂ ਨੂੰ ਬੁਲੇਟ ਟਰੇਨ ਦੇ ਸੁਪਨੇ ਵਿਖਾਉਣਾ ਇਕ ਜ਼ਾਲਮਾਨਾ ਮਜ਼ਾਕ ਹੀ ਕਿਹਾ ਜਾ ਸਕਦਾ ਹੈ। ਬੁਲੇਟ ਟਰੇਨ ਤੇ 17000 ਕਰੋੜ ਰੁਪਏ ਖਰਚ ਆਉਂਦੇ ਹਨ। ਜੋ ਡੈਸਟੀਨੇਸ਼ਨ ਇਸ ਗੱਡੀ ਦਾ ਦੱਸਿਆ ਜਾ ਰਿਹਾ ਹੈ ਉਥੋਂ ਤੱਕ ਦਾ ਕਿਰਾਇਆ 5000 ਰੁਪਏ ਹੋਵੇਗਾ। ਸਪਸ਼ਟ ਹੈ ਕਿ ਗਰੀਬ ਅਜੇਹੀ ਟਰੇਨ ਵਿੱਚ ਸਫਰ ਕਰਨ ਦਾ ਸੁਪਨਾ ਵੀ ਨਹੀਂ ਲੈ ਸਕਦਾ। ਬਿਜਲੀ ਤੇ ਸੜਕ ਦੀਆਂ ਗੱਲਾਂ ਵੀ ਰੱਜੇ ਪੁੱਜੇ ਜਾਂ ਅਮੀਰ ਲੋਕਾਂ ਲਈ ਹੀ ਹਨ। ਬਿਜਲੀ ਨਾਲ ਅਮੀਰਾਂ ਦੇ ਕਾਰਖਾਨੇ ਚੱਲਣੇ ਹਨ, ਕਾਰਾਂ, ਜੀਪਾਂ, ਬੱਸਾਂ ਅਮੀਰਾਂ ਦੀਆਂ ਹੀ ਹਨ ਜੋ ਸੜਕਾਂ ਤੇ ਚਲਦੀਆਂ ਹਨ। ਰੱਜੇ ਪੇਟ ਵਾਲੇ ਗਰੀਬ ਲਈ ਤਾਂ ਮੋਮਬੱਤੀ ਦੀ ਰ ੋਸ਼ਨੀ ਹੀ ਕਾਫੀ ਹੈ, ਗਰੀਬ ਦਾ ਸਾਈਕਲ ਤਾਂ ਕੱਚੇ ਵਿੱਚ ਵੀ ਚਲ ਸਕਦਾ ਹੈ। ਜਿੰਨੇ ਦੀ ਬੁਲੇਟ ਟਰੇਨ ਆਉਣੀ ਹੈ ਉਨੇ ਨਾਲ ਜੇਕਰ ਤਿੰਨ ਤਿੰਨ ਮਰਲੇ ਦੇ ਤਿੰਨ ਮੰਜ਼ਿਲੇ ਮਕਾਨ ਬਣਾਏ ਜਾਣ ਤਾਂ ਉਹ 51 ਲੱਖ ਲੋਕਾਂ ਦਾ ਵਸੇਬਾ ਹੋ ਸਕਦਾ ਹੈ। ਜੇਕਰ ਹਰ ਸਾਲ ਇੰਨੇ ਮਕਾਨ ਬਣਾਏ ਜਾਣ ਤਾਂ ਕੁਝ ਸਾਲਾਂ ਵਿੱਚ ਬੇਘਰਿਆਂ ਦੀ ਸਮਸਿਆ ਹੱਲ ਹੋ ਸਕਦੀ ਹੈ। ਦੇਸ਼ ਦੀ ਲੋੜ ਤੋਂ ਚਾਰ ਗੁਣਾ ਅਨਾਜ ਦੇਸ਼ ਵਿੱਚ ਮੌਜੂਦ ਹੈ ਜਿਸ ਵਿੱਚ ੋਰ ਅੱਧਾ ਸੰਭਾਲ ਨਾ ਹੋਣ ਕਾਰਣ ਖਰਾਬ ਹੋ ਜਾਂਦਾ ਹੈ। ਇਹ ਅਨਾਜ ਜੇਕਰ ਸਰਕਾਰੀ ਤੇ ਗੈਰ ਸਰਕਾਰੀ ਮੁਲਾਜ਼ਮਾਂ ਨੂੰ ਉਨ੍ਹਾਂ ਦੀ ਸਾਲ ਭਰ ਲੋੜ ਅਨੁਸਾਰ ਉਧਾਰ ਦੇ ਦਿੱਤਾ ਜਾਵੇ ਤਾਂ ਇਸ ਅਨਾਜ ਦੀ ਸੰਭਾਲ ਦਾ ਕੰਮ ਹੀ ਮੁੱਕ ਜਾਂਦਾ ਹੈ।

ਬਾਕੀ ਰਹਿੰਦਾ ਅਨਾਜ ਵੀ ਗਰੀਬਾਂ ਨੂੰ ਸਬਸਿਡੀ ਤੇ ਦੇ ਦਿੱਤਾ ਜਾਵੇ ਤਾਂ ਭੁੱਖ ਦੀ ਸਮਸਿਆ ਵੀ ਖਤਮ ਹੋ ਜਾਵੇਗੀ। ਭੁੱਖ ਨੰਗ ਕਾਰਣ ਦੇਸ਼ ਦੇ ਤੀਜੇ ਹਿੱਸੇ ਤੇ ਨਕਸਲੀ ਹਾਵੀ ਹੋ ਗਏ ਹਨ ਜਦੋ ਬੰਦੂਕ ਨਾਲ ਭੁੱਖ ਨੰਗ ਦੀ ਸਮਸਿਆ ਹੱਲ ਕਰਨ ਦਾ ਦਾਅਵਾ ਕਰਦੇ ਹਨ। ਦੇਸ਼ ਨੂੰ ਹਿੰਸਾ ਤੋਰ ਬਚਾਉਣ ਲਈ ਲ ੋੜ ਹੈ ਕਿ ਰੋਟੀ, ਕਪੜੇ ਅਤੇ ਮਕਾਨ ਦੀ ਸਮਸਿਆ ਨੂੰ ਯੋਜਨਾਬੱਧ ਢੰਗ ਖਤਮ ਕੀਤਾ ਜਾਵੇ, ਨਹੀਂ ਤਾਂ ਇਸ ਦੇਸ਼ ਨੂੰ ਹਿੰਸਾ ਦੀ ਲਪੇਟ ਵਿੱਚ ਆਉਣ ਤੋਂ ਕੋਈ ਰੋਕ ਨਹੀਂ ਸਕਦਾ।

## ਪਹਿਲੇ ਸਫੇ ਦੀ ਬਾਕੀ

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਪਹਿਲੇ ਦੌਰੇ ਤੇ ਅਮਰੀਕਾ ਲਈ ਰਵਾਨਾ

ਕੇ ਉਨ੍ਹਾਂ ਦੇ ਕੁੱਲ 50 ਰੁਝੇਵੇਂ ਹੋਣਗੇ। ਉਧਰ ਰਾਸ਼ਟਰਪਤੀ ਓਬਾਮਾ ਨੇ 29 ਸਤੰਬਰ ਨੂੰ ਵ੍ਹਾਈਟ ਹਾਊਸ ਵਿੱਚ ਉਨ੍ਹਾਂ ਲਈ ਪ੍ਰਾਈਵੇਟ ਰਾਤਰੀ ਭੋਜ ਦਾ ਪ੍ਰਬੰਧ ਕੀਤਾ ਹੈ ਤਾਂ ਕਿ ਦੋਹਾਂ ਲੀਡਰਾਂ ਵਿਚਕਾਰ ਰਿਸ਼ਤੇ ਨੂੰ ਹੋਰ ਪੀਡਾ ਕੀਤਾ ਜਾ ਸਕੇ। 30 ਸਤੰਬਰ ਨੂੰ ਉਹ ਸ੍ਰੀ ਓਬਾਮਾ ਨਾਲ ਵਿਸ਼ੇਸ਼ ਗੱਲਬਾਤ ਕਰਨਗੇ। ਇਹ ਪਹਿਲੀ ਵਾਰ ਹੈ ਕਿ ਜਦੋਂ ਕੋਈ ਭਾਰਤੀ ਪ੍ਰਧਾਨ ਮੰਤਰੀ ਆਪਣੇ ਅਮਰੀਕਾ ਦੌਰੇ ਦੌਰਾਨ ਇੰਨੇ ਲੋਕਾਂ ਨੂੰ ਮਿਲੇਗਾ ਅਤੇ ਮੀਟਿੰਗਾਂ ਵਿਚ ਹਿੱਸਾ ਲਵੇਗਾ।

## ਲੰਡਨ ਸਕੂਲ ਆਫ਼ ਇਕਨਾਮਿਕਸ ਵਿਚ ਪੜ੍ਹਾਈ ਦੌਰਾਨ 1921-22 ਵਿਚ ਰਿਹਾ ਕਰਦੇ ਸਨ ਡਾ: ਬੀ ਆਰ ਅੰਬੇਦਕਰ

ਚਲਦੀਆਂ ਸਾਝੀਆਂ ਲਹਿਰਾਂ ਵਿਚ ਯੋਗਦਾਨ ਪਾ ਕੇ ਨਾਮ ਖੱਟਿਆ ਹੈ ਪਰ ਬਾਬਾ ਸਾਹਿਬ ਨੇ ਇਕੱਲੇ ਹੀ ਇੱਕ ਲਾਸਾਨੀ ਕੰਮ ਕੀਤਾ ਸੀ। ਉਨ੍ਹਾਂ ਅੱਗੇ ਕਿਹਾ ਕਿ ਇਹ ਇਕ- ੱਲਾ ਸੰਸਥਾ ਦੀ ਹੀ ਨਹੀਂ ਸਗੋਂ ਦਲਿਤ ਭਾਈਚਾਰੇ ਵਾਸਤੇ ਮਾਣ ਵਾਲੀ ਗੱਲ ਹੈ। ਭਾਰਤ ਤੋਂ ਇੱਥੇ ਪੜ੍ਹਨ ਲਈ ਆਉਣ ਵਾਲੇ ਵਿਦਿਆਰਥੀਆਂ ਵਾਸਤੇ ਇਹ ਇੱਕ ਕੇਂਦਰ ਵਜੋਂ ਸਥ- ਾਪਿਤ ਕੀਤਾ ਜਾਵੇਗਾ। ਬਾਬਾ ਸਾਹਿਬ ਨਾਲ ਸਬੰਧਿਤ ਤਸਵੀਰਾਂ ਅਤੇ ਹੋਰ ਵਸਤਾਂ ਦਾ ਸੰਗ੍ਰਹਿ ਇੱਥੇ ਰੱਖਿਆ ਜਾਵੇਗਾ।

-ਰੇਸ਼ਮ ਕਰਨਾਣਵੀ

## ਬਾਹਰਲਾ ਮੁੰਡਾ



ਜਦੋਂ ਮਿੰਨੀ ਤੇ ਜੋਤ ਦੇ ਪਿਆਰ ਦੀ ਭਿਣਕ ਮਿੰਨੀ ਦੇ ਡੈਡੀ ਦੇ ਕੰਨੀ ਪਈ ਤਾਂ ਉਹਨਾਂ ਮਿੰਨੀ ਨੂੰ ਕਾਲਜ ਵਿੱਚੋਂ ਹਟਾ ਲਿਆ ਉਸ ਲਈ ਲੜਕਾ ਲੱਭਣਾ ਸ਼ੁਰੂ ਕਰ ਦਿੱਤਾ ਇੱਕ ਜਗ੍ਹਾ ਰਿਸ਼ਤਾ ਪੱਕਾ ਹ ਗਿਆ ਤੇ ਝੱਟ ਮੰਗਣੀ ਕਰੀ ਤੇ ਫੇਰ ਵਿਆਹ ਕਰ ਦਿੱਤਾ ਤੇ ਵਿਆਹ ਤੋਂ ਪਿੱਛੋਂ ਜਦੋਂ ਮਿੰਨੀ ਤੇ ਉਸਦਾ ਘਰ ਵਾਲਾ ਮਿਲਣ ਆਏ ਕਿਉਂਕਿ ਉਸਦੇ ਘਰ ਵਾਲੇ ਨੇ ਵਿਦੇਸ਼ ਵਾਪਿਸ ਜਾਣਾ ਸੀ ਤਾਂ ਉਸਦੇ ਡੈਡੀ ਨੇ ਮੁੜਦੀ ਹੋਈ ਮਿੰਨੀ ਦਾ ਸਿਰ ਪਲੋਸਦਿਆ ਕਿਹਾ....ਮਿੰਨੀ ਪੁੱਤ ਦੇਖ ਮੈਂ ਤੇਰੇ ਲਈ ਕਿੰਨਾ ਸੋਹਣਾ ਘਰ-ਬਾਰ ਤੇ ਬਾਹਰਲਾ ਮੁੰਡਾ ਭਾਲਿਆ ਏ ਤੂੰ ਸਾਰੀ ਜਿੰਦਗੀ ਐਸ਼ ਕਰੇਂਗੀ। ਤਾਂ ਮਿੰਨੀ ਨੇ ਅੱਖਾਂ ਭਰ ਕੇ ਕਿਹਾ....ਹਾਂ! ਡੈਡੀ ਇਹ ਬਾਹਰਲਾ ਮੁੰਡਾ ਹੀ ਹੈ ਜੋ ਤੁਸੀਂ ਮੇਰੇ ਲਈ ਭਾਲਿਆ ਏ ਮੇਰੇ ਦਿਲ ਅੰਦਰ ਤਾਂ ਜੋਤ ਹੀ ਸੀ ਤੇ ਹਮੇਸ਼ਾ ਅੰਦਰ ਜੋਤ ਹੀ ਰਹੇਗਾ ਤੁਹਾਡੀ ਪਸੰਦ ਮੇਰੇ ਲਈ ਹਮੇਸ਼ਾ ਬਾਹਰਲਾ ਮੁੰਡਾ ਹੀ ਰਹੇਗਾ ਮੇਰੇ ਦਿਲ ਅੰਦਰ ਕਦੇ ਨਹੀਂ ਰਹਿ ਸਕੇਗਾ....ਮਿੰਨੀ ਅੱਖਾਂ ਪੂੰਝਦਿਆਂ ਗੱਡੀ ਵਿੱਚ ਬਹਿ ਕੇ ਚਲੀ ਗਈ ਮਿੰਨੀ ਦੇ ਡੈਡੀ ਨੂੰ ਇਵੇਂ ਲੱਗਿਆ ਜਿਵੇਂ ਮਿੰਨੀ ਦੇ ਕਹੇ ਸੱਚ ਨੇ ਉਸ ਨੂੰ ਆਸਮਾਨ ਤੋਂ ਧਰਤੀ ਤੇ ਪਟਕ ਦਿੱਤਾ ਹੋਵੇ।

- ਸੁਖਵਿੰਦਰ ਕੌਰ 'ਹਰਿਆਓ' (+91-81464-47541)

# ਭਗਵਾਨ ਵਾਲਮੀਕਿ ਤੀਰਥ ਅਸਥਾਨ ਅੰਮ੍ਰਿਤਸਰ ਨੂੰ ਅਜਾਦ ਕਰਵਾਉਣ ਲਈ ਵਾਲਮੀਕਿ ਅਤੇ ਦਲਿਤ ਸਮਾਜ ਦੇ ਲੋਕਾਂ ਦੀ ਹੁਸ਼ਿਆਰਪੁਰ 'ਚ ਭਰਵੀਂ ਮੀਟਿੰਗ



ਹੁਸ਼ਿਆਰਪੁਰ (ਸ਼ਿਵ ਕੁਮਾਰ ਬਾਵਾ), ਭਗਵਾਨ ਵਾਲਮੀਕਿ ਧਰਮਸ਼ਾਲਾ ਨਜਦੀਕ ਘੰਟਾ ਘਰ ਹੁਸ਼ਿਆਰਪੁਰ ਵਿਖੇ ਵਾਲਮੀਕ ਅਤੇ ਹੋਰ ਦਲਿਤ ਸਮਾਜ ਨਾਲ ਸਬੰਧਤ ਆਗੂਆਂ ਦੀ ਮੀਟਿੰਗ ਹੋਈ ਜਿਸ ਵਿਚ ਵੱਖ ਵੱਖ ਸਭਾਵਾਂ ਅਤੇ ਸੰਸਥਾਵਾਂ ਦੇ ਆਗੂਆਂ ਵਲੋਂ ਭਗਵਾਨ ਵਾਲਮੀਕਿ ਤੀਰਥ ਅਸਥਾਨ ਅੰਮ੍ਰਿਤਸਰ ਅੰਮ੍ਰਿਤਸਰ ਤੇ ਪੰਜਾਬ ਸਰਕਾਰ ਅਤੇ ਵਾਲਮੀਕਿ ਕੌਮ ਦੇ ਗਦਾਰਾਂ ਵਲੋਂ ਰਲਕੇ ਮਹੰਤ ਬਲਦੇਵ ਗਿਰੀ ਦੇ ਕਰਵਾਏ ਕਬਜ਼ੇ ਦਾ ਸਖਤ ਨੋਟਿਸ ਲੈਂਦਿਆਂ ਤਿੱਖਾ ਵਿਰੋਧ ਕੀਤਾ। ਉਹਨਾਂ ਕਿਹਾ ਕਿ ਬਾਦਲ ਸਰਕਾਰ ਨੇ ਇੰਝ ਕਰਕੇ ਆਪਣਾ ਵਾਲਮੀਕਿ ਅਤੇ ਦਿਲਤ ਵਿਰੋਧੀ ਚਿਹਰਾ ਨੰਗਾ ਕਰ ਦਿੱਤਾ ਹੈ। ਉਹਨਾਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਵਾਲਮੀਕਿ ਕੌਮ ਦੇ ਇਸ ਸੰਸਾਰ ਪ੍ਰਸਿੱਧ ਆਸਥਾ ਕੇਂਦਰ ਨੂੰ ਗਲਤ ਲੋਕਾਂ ਦੇ ਕਬਜ਼ੇ ਵਿਚੋਂ ਜਲਦੀ ਮੁਕਤ ਕਰਵਾਕੇ ਵਾਲਮੀਕਿ ਭਾਈਚਾਰੇ ਨੂੰ ਨਾ ਸੌਂਪਿਆ ਗਿਆ ਤਾਂ ਦੇਸ਼ ਦੇਸ਼ ਦਾ ਸਮੂਹ ਦਲਿਤ ਸਮਾਜ ਸੰਘਰਸ਼ ਦੀ ਰਾਹ ਤੇ ਚੱਲ ਪਵੇਗਾ ਜਿਸਦੀ ਜ਼ਿਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

ਉਹਨਾਂ ਕੇਂਦਰ ਸਰਕਾਰ ਨੂੰ ਵੀ ਪੁਰਜੋਰ ਅਪੀਲ ਕੀਤੀ ਕਿ ਉਹ ਵੀ ਦਖਲ ਦੇ ਕੇ ਭਗਵਾਨ ਵਾਲਮੀਕਿ ਤੀਰਥ ਅਸਥਾਨ ਨੂੰ ਜਲਦੀ ਤੋਂ ਜਲਦੀ ਜਾਲਮਾਂ ਦੇ ਕਬਜ਼ੇ ਤੋਂ ਮੁਕਤ ਕਰਵਾਉਣ ਲਈ ਬਾਦਲ ਸਰਕਾਰ ਤੇ ਦਬਾਅ ਪਾਵੇ। ਇਸ ਮੌਕੇ ਭਗਵਾਨ ਵਾਲਮੀਕਿ ਸੁਸਾਇਟੀ ਪੰਜਾਬ, ਆਦਿ ਦ੍ਰਾਵਿੜ ਸਮਾਜ ਭਾਰਤ , ਭਗਵਾਨ ਵਾਲਮੀਕਿ ਧਰਮ ਰਖਸ਼ਾ ਸੰਮਤੀ ਹੁਸ਼ਿਆਰਪੁਰ, ਭਾਰਤੀਆ ਵਾਲਮੀਕਿ ਧਰਮ ਸਮਾਜ ਭਾਰਤ, ਆਦਿ ਧਰਮ ਸਮਾਜ ਭਾਰਤ, ਭਗਵਾਨ ਵਾਲਮੀਕਿ ਯੁਵਾ ਦਲ ਹੁਸ਼ਿਆਰਪੁਰ, ਭਗਵਾਨ ਵਾਲਮੀਕਿ ਸੇਵਾ ਸੰਮਤੀ ਹੁਸ਼ਿਆਰਪੁਰ, ਭਗਵਾਨ ਵਾਲਮੀਕਿ ਸੇਵਾ ਸੰਮਤੀ ਹੁਸ਼ਿਆਰਪਰ, ਭਗਵਾਨ ਵਾਲਮੀਕਿ ਸਭਾ ਹੁਸ਼ਿਆਰਪੁਰ ਤੋਂ ਇਲਾਵਾ ਤਲਵਾੜਾ, ਮੁਕੇਰੀਆਂ ,ਹਰਿਆਣਾ ,ਗੜ੍ਹਸ਼ੰਕਰ, ਟਾਂਡਾ, ਸੈਲਾਖੁਰਦ, ਗੜ੍ਹਦੀਵਾਲ , ਦਸੂਹਾ, ਭਗਵਾਨ ਵਾਲਮੀਕਿ ਸਭਾ ਮੁਹੱਲਾ ਰਿਸ਼ੀ ਨਗਰ , ਘੰਟਾਘਰ, ਭਗਤ ਨਗਰ ਰਵਿਦਾਸ ਨਗਰ ਭਗਵਾਨ ਵਾਲਮੀਕਿ ਸਭਾ ਬਜਵਾੜਾ , ਬਸੀ ਕਲਾਂ ਅਤੇ ਪਿੱਪਲਾਂਵਾਲਾ ਦੇ ਪ੍ਰਮੁੱਖ ਆਗੂ ਸਚਿੰਨ ਅਸੂਰ, ਮਨੋਜ ਕਨੇਡੀ, ਸ਼ਾਦੀ ਲਾਲ, ਹਰੀ ਰਾਮ ਆਦੀਆ, ਸੂਰਜ ਮੱਟੂ, ਬਲਵਿੰਦਰ ਕੁਮਾਰ ਮਰਵਾਹਾ, ਤਰਸੇਮ ਲਾਲ ਹੰਸ, ਵਿਨੋਦ ਹੰਸ, ਐਸ ਐਮ ਸਿੱਧੂ, ਬਿੱਟਾ ਸੱਭਰਵਾਲ। ਆਸ਼ੂ ਬੱਤਰਾ, ਮਹਿੰਦਰਪਾਲ, ਰਾਹੁਲ ਆਦੀਆ, ਸੁਰਿੰਦਰਪਾਲ ਸ਼ਿੰਦਾ, ਡਾ ਗਕੁਲਦੀਪ ਕੁਮਾਰ , ਬਲਵਿੰਦਰ ਸਾਹਰੀ, ਕਿਸ਼ਨ ਲਾਲ, ਨਿਸ਼ਾਂਤ ਸਹੋਤਾ ਅਤੇ ਰਾਜ ਕੁਮਾਰ ਸਮੇਤ ਵੱਡੀ ਗਿਣਤੀ ਵਿਚ ਆਗੂ ਹਾਜ਼ਰ ਸਨ।

--------

## ਮੋਦੀ ਨੇ ਪੰਜਾਬ ਨੂੰ ਵਿੱਤੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ-ਸੁਖਬੀਰ ਸਿੰਘ ਬਾਦਲ

ਚੰਡੀਗੜ੍ਹ, 23 ਸਤੰਬਰ-ਉਪ ਮੁੱਖ ਮੰਤਰੀ ਪੰਜਾਬ ਸ. ਸੁਖਬੀਰ ਸਿੰਘ ਬਾਦਲ ਨੇ ਅੱਜ ਇਥੇ ਕਿਹਾ ਕਿ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨਾਲ ਹਾਲ ਹੀ ਵਿੱਚ ਹੋਈ ਮੁਲਾਕਾਤ ਦੌਰਾਨ ਪ੍ਰਧਾਨ ਮੰਤਰੀ ਨੇ ਪੰਜਾਬ ਨੂੰ ਵਿੱਤੀ ਸਹਾਇਤਾ ਦੇਣ ਸਬੰਧੀ ਕਾਰਵਾਈ ਸ਼ੁਰੂ ਕਰਨ ਤੋਂ ਇਲਾਵਾ ਬਾਕੀ ਸਾਰੀਆਂ ਮੰਗਾਂ 'ਤੇ ਵੀ ਵਿਚਾਰ ਕਰਨ ਦਾ ਯਕੀਨ ਦਿਵਾਇਆ ਹੈ।



ਅੱਜ ਇਥੇ ਕੈਬਨਿਟ ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਉਨ੍ਹਾਂ ਦੀ ਗੱਲ ਗੰਭੀਰਤਾ ਨਾਲ ਸੁਣਦਿਆਂ ਉਨ੍ਹਾਂ ਨੂੰ ਯਕੀਨ ਦਿਵਾਇਆ ਹੈ ਕਿ ਰਾਜ ਨਾਲ ਸਬੰਧਤ ਸਾਰੇ ਮੁੱਦਿਆਂ ਨੂੰ ਜਲਦ ਹੀ ਹੱਲ ਕਰ ਲਿਆ ਜਾਵੇਗਾ ਤਾਂ ਕਿ ਪੰਜਾਬ ਦੇ ਵਿਕਾਸ ਅਤੇ ਤਰੱਕੀ ਦੀ ਰਫਤਾਰ ਨੂੰ ਕਾਇਮ ਰੱਖਿਆ ਜਾ ਸਕੇ। ਵਿੱਤੀ ਪੈਕੇਜ ਸਬੰਧੀ ਇੱਕ ਸਵਾਲ ਦੇ ਜਵਾਬ 'ਚ ਸ. ਬਾਦਲ ਨੇ ਕਿਹਾ ਕਿ ਸੂਬੇ ਵੱਲੋਂ ਬਕਾਇਆ ਕਰਜਾ ਮੁਆਫ ਕਰਨ ਅਤੇ ਅੱਤਵਾਦ ਵਿਰੁੱਧ ਲੜਾਈ ਦੌਰਾਨ ਲਏ 5800 ਕਰੋੜ ਰੁਪਏ 'ਤੇ ਭਰੇ ਗਏ 2694 ਕਰੋੜ ਰੁਪਏ ਦੇ ਵਿਆਜ ਨੂੰ ਵਾਪਿਸ ਕਰਨ ਦੀ ਮੰਗ ਕੀਤੀ ਹੈ। ਸ. ਬਾਦਲ ਨੇ ਕਿਹਾ ਕਿ ਮੁਲਾਕਾਤ ਦੌਰਾਨ ਉਨ੍ਹਾਂ ਗੁਆਂਢੀ ਰਾਜਾਂ ਨੂੰ ਦਿੱਤੇ ਗਏ ਪੈਕੇਜ ਦਾ ਮੁੱਦਾ ਵੀ ਉਠਾਇਆ ਜਿਸ ਦਾ ਰਾਜ ਦੇ ਸਨਅਤੀ ਮਾਹੌਲ 'ਤੇ ਮਾੜਾ ਅਸਰ ਪਿਆ ਜਿਸ ਕਾਰਨ ਸਨਅਤ ਪੰਜਾਬ ਤੋਂ ਉਨ੍ਹਾਂ ਰਾਜਾਂ ਵੱਲ ਚਲੇ ਗਈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸਨਅਤ ਨੂੰ ਮੁੜ ਸੁਰਜੀਤ ਕਰਨ ਲਈ ਪੰਜਾਬ ਲਈ ਵੀ ਸਾਲ 2017 ਤੱਕ ਉਸੇ ਤਰਜ਼ ਦੀਆਂ ਛੋਟਾਂ ਅਤੇ ਪੈਕੇਜ ਦੀ ਮੰਗ ਕੀਤੀ ਗਈ ਹੈ। ਸ. ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਨੇ ਯੂ.ਪੀ.ਏ. ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਪੰਜਾਬ ਨਾਲ ਹੋਏ ਮਤਰਏ ਸਲੂਕ ਬਾਰੇ ਸ੍ਰੀ ਮੋਦੀ ਨੂੰ ਸੰਖੇਪ 'ਚ ਜਾਣੂੰ ਕਰਵਾਇਆ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਯਕੀਨ ਦਿਵਾਇਆ ਹੈ ਕਿ ਉਹ ਸਬੰਧਤ ਵਿਭਾਗਾਂ ਦੇ ਸਕੱਤਰਾਂ ਨਾਲ ਵਿਚਾਰ-ਚਰਚਾ ਕਰਕੇ ਪੰਜਾਬ ਦੇ ਬਕਾਇਆ ਮੁੱਦਿਆਂ ਨੂੰ ਹੱਲ ਕਰਵਾਉਣਗੇ। ਉਨ੍ਹਾਂ ਕਿਹਾ ਕਿ ਪੰਜਾਬ ਨੇ 14 ਵਿਤ ਕਮਿਸ਼ਨ ਦੀ ਰਿਪੋਰਟ ਤੋਂ ਪਹਿਲਾਂ ਪੰਜਾਬ ਨੂੰ 5000 ਕਰੋੜ ਰੁਪਏ ਦੀ ਗੈਰ-ਯੋਜਨਾਬਧ ਗਰਾਂਟ ਦੀ ਵੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬਵੱਲੋਂ ਬਾਰਿਸ਼ਾਂ ਦੀ ਕਮੀ ਕਾਰਨ ਪ੍ਰਧਾਨ ਮੰਤਰੀ ਪਾਸੋਂ ਕਿਸਾਨਾਂ ਲਈ 2330 ਕਰੋੜ ਰੁਪਏ ਦੇ ਪੈਕੇਜ ਦੀ ਵੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਇਸ ਤੋਂ ਇਲਾਵਾ ਪੰਜਾਬ ਵੱਲੋਂ ਸਵਾਮੀਨਾਥਨ ਫਾਰ- ਮੂਲੇ ਤਹਿਤ ਫਸਲਾਂ ਦਾ ਘੱਟੋ-ਘੱਟ ਖਰੀਦ ਮੁੱਲ ਤੈਅ ਕਰਨ ਅਤੇ ਮੱਕੀ ਤੇ ਬਾਸਮਤੀ ਦੀ ਵੀ ਕਣਕ-ਝੋਨੇ ਦੀ ਤਰਜ 'ਤੇ ਘੱਟੋ-ਘੱਟ ਖਰੀਦ ਮੁੱਲ ਨੂੰ ਆਧਾਰ ਬਣਾ ਕੇ ਖਰੀਦ ਕਰਨ ਦੇ ਮੁੱਦੇ ਵੀ ਉਠਾਏ ਗਏ। ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੇ ਚੋਣ ਮਨੋਰਥ ਪੱਤਰ 'ਚ ਕੀਤੇ ਗਏ ਵਾਅਦਿਆਂ ਬਾਰੇ ਪੁੱਛੇ ਜਾਣ 'ਤੇ ਸ. ਬਾਦਲ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਉਹ ਦਿਨ ਰਾਤ ਇੱਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਰੇ ਵਾਅਦਿਆਂ ਨੂੰ ਸਾਲ 2016 ਤੋਂ ਪਹਿਲਾਂ ਪੂਰਾ ਕਰਨ ਲਈ ਅਕਾਲੀ-ਭਾਜਪਾ ਸਰਕਾਰ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਅਨੇਕਾਂ ਵਾਅਦਿਆਂ ਨੂੰ ਪੂਰਾ ਕਰਨ ਲਈ ਸਮਾਂ ਸੀਮਾਂ ਨਿਸ਼ਚਤ ਕਰਦਿਆਂ ਕੰਮ ਪਹਿਲਾਂ ਤੋਂ ਸ਼ੁਰੂ ਕਰ ਦਿੱਤਾ ਗਿਆ ਹੈ। ਸਕੂਲੀ ਵਿਦਿਆਰਥੀਆਂ ਨੂੰ ਲੈਪਟਾਪ ਵੰਡਣ ਦੇ ਮੁੱਦੇ 'ਤੇ ਸ. ਬਾਦਲ ਨੇ ਕਿਹਾ ਕਿ ਇਹ ਮਾਮਲਾ ਸਿੱਖਿਆ ਵਿਭਾਗ ਨਾਲ ਸਬੰਧਤ ਹੈ ਅਤੇ ਵਿਭਾਗ ਇਸ ਯੋਜਨਾ ਨੂੰ ਨੇਪਰੇ ਚਾੜਣ ਲਈ ਯੋਜਨਾ ਉਲੀਕੇਗਾ। ਉਨ੍ਹਾਂ ਕਿਹਾ ਕਿ ਰਾਜ ਨੂੰ ਵਾਈ-ਫਾਈ ਅਤੇ ਇੰਟਰਨੈੱਟ ਸੇਵਾਵਾਂ ਨਾਲ ਜੋੜਨ ਦਾ ਕੰਮ 30 ਫੀਸਦੀ ਮੁਕੰਮਲ ਹੋ ਚੁੱਕਾ ਹੈ ਅਤੇ ਇੱਕ ਸਾਲ ਦੇ ਅੰਦਰ-ਅੰਦਰ 100 ਫੀਸਦੀ ਖੇਤਰ ਨੂੰ ਇੰਟਰਨੈੱਟ ਨਾਲ ਜੋੜ ਦਿੱਤਾ ਜਾਵੇਗਾ।





ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਬਾਰੇ ਕਿਸੇ ਵੀ ਪਾਸ ਉਹਨਾਂ ਦੇ ਨਾਲ ਜਾਂ ਉਹਨਾਂ ਦੀ ਕਿਸੇ ਸਮਾਗਮ ਦੀ ਤਸਵੀਰ ਜਾਂ ਆਡੀਓ-ਵੀਡੀਓ ਹੋਵੇ ਤਾਂ ਕਿਰਪਾ ਕਰਕੇ ਹੇਠ ਲਿਖੇ ਈ-ਮੇਲ ਤੇ ਭੇਜਣ। ਜੇਕਰ ਉਹਨਾਂ ਨੂੰ ਕੋਈ ਚਾਹੀਦੀ ਹੈ ਤਾਂ ਵੀ ਸਾਡੇ ਨਾਲ ਸੰਪਰਕ ਕੀਤਾ ਜਾਵੇ ਜੀ।

**kumar22_1@hotmail.com**

**780-224-4550**




## ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਕੈਲੀਫੋਰਨੀਆ) ਦਾ 23ਵਾਂ ਸਥਾਪਨਾ ਦਿਵਸ, 5 ਅਕਤੂਬਰ, 2014 ਦਿਨ ਐਤਵਾਰ ਨੂੰ ਮਨਾਏ ਜਾਣ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ

**ਆਓ ਆਪਾਂ ਸਾਰੇ ਰਲ-ਮਿਲ ਕੇ ਗੁਰੂ ਘਰ ਦੇ ਸਥਾਪਨਾ ਦਿਵਸ ਤੇ ਹਾਜ਼ਰੀਆਂ ਲਗਵਾ ਕੇ ਗੁਰੂ ਸਾਹਿਬਾਨ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।**



## ਸ੍ਰੀ ਜੋਗਿੰਦਰ ਲਾਲ ਮੱਲ ਅਤੇ ਸਮੂਹ ਪਰਿਵਾਰ





ਸ: ਲਸ਼ਕਰ ਸਿੰਘ ਬੱਧਣ ਅਤੇ ਉਹਨਾਂ ਦੀ ਧਰਮ ਸੁਪਤਨੀ

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਕੈਲੀਫੋਰਨੀਆ) ਦਾ 23ਵਾਂ ਸਥਾਪਨਾ ਦਿਵਸ, 5 ਅਕਤੂਬਰ, ਦਿਨ ਐਤਵਾਰ ਨੂੰ ਮਨਾਏ ਜਾਣ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ

## ਸਾਬਕਾ ਚੇਅਰਮੈਨ ਸ: ਲਸ਼ਕਰ ਸਿੰਘ ਬੱਧਣ ਤੇ ਸਮੂਹ ਪਰਿਵਾਰ

**ਆਓ ਆਪਾਂ ਸਾਰੇ ਰਲ-ਮਿਲ ਕੇ ਗੁਰੂ ਘਰ ਦੇ ਸਥਾਪਨਾ ਦਿਵਸ ਤੇ ਹਾਜ਼ਰੀਆਂ ਲਗਵਾ ਕੇ ਗੁਰੂ ਸਾਹਿਬਾਨ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।**

# "ਇੰਟਰਨੈਸ਼ਨਲ ਕਬੱਡੀ ਕੱਪ 2014"

ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਅਤੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ. ਐਸ. ਏ. ਵੱਲੋਂ ''ਇੰਟਰਨੈਸ਼ਨਲ ਕਬੱਡੀ ਕੱਪ 2014'' ਸਤੰਬਰ 14, 2014 ਨੂੰ ਗੁਰਦੁਆਰਾ ਸਾਹਿਬ ਬਰਾਡਸ਼ਾਅ ਦੀਆਂ ਖੇਡ ਗਰਾਉਂਡਾਂ ਵਿਚ ਕਰਵਾਇਆ ਗਿਆ,ਜਿਸ ਵਿਚ ਕਾਬਲ-ਏ-ਤਾਰੀਫ ਦਰਸ਼ਕਾਂ ਦੇ ਭਾਰੀ ਇਕੱਠ ਨੇ ਸਫਲਤਾ ਪੂਰਵਕ ਟੂਰਨਾਮੈਂਟ ਦਾ ਆਨੰਦ ਮਾਣਿਆ। ਇਸ ਟੂਰਨਾਮੈਂਟ ਵਿਚ ਜਿੱਥੇ ਖਿਡਾਰੀਆਂ ਦਾ ਬਹੁਤ ਵਧੀਆ ਅਤੇ ਪਿਆਰ/ ਸਤਿਕਾਰ ਭਰਿਆ ਖੇਡ ਪ੍ਰਦਰਸ਼ਨ ਰਿਹਾ ਹੈ, ਉਥੇ ਪੰਜਾਬੀ ਭਾਈਚਾਰੇ ਦੀਆਂ ਬੀਬੀਆਂ, ਭੈਣਾਂ ਤੇ ਬੱਚੀਆਂ ਦੀ ਭਾਰੀ ਗਿਣਤੀ ਵਿਚ ਸ਼ਮੂਲੀਅਤ ਨੇ ਇਸ ਟੂਰਨਾਮੈਂਟ ਵਿਚ ਖਿਡਾਰੀਆਂ ਦੀ ਚੰਗੀ ਕਾਰਗੁਜ਼ਾਰੀ ਨੇ ਪਰਿਵਾਰਕ ਮਾਹੌਲ ਵੀ ਬਣਾ ਦਿੱਤਾ। ਇਸ ਟੂਰਨਾਮੈਂਟ ਦੀ ਜੇਤੂ ਟੀਮ ਹੋਣ ਦਾ ਮਾਣ ਬੇ-ਏਰੀਆ ਸਪੋਰਟਸ ਕਬੱਡੀ ਕਲੱਬ ਨੂੰ ਹਾਸਲ ਹੋਇਆ। ਇਸ ਹੀ ਟੀਮ ਦੇ ਵਿਸ਼ਵ ਪ੍ਰਸਿੱਧ ਖਿਡਾਰੀ ਤੀਰਥ ਸਿੰਘ ਗਾਖਲ ਨੇ ਕਬੱਡੀ ਨੂੰ ਖੁਸ਼ੀ ਖੁਸ਼ੀ ਅਲਵਿਦਾ ਆਖੀ ਤੇ ਉਹਨਾਂ ਦਾ ਸਾਰੀ ਗਰਾਊਂਡ 'ਚ ਮਾਣ ਵਜੋਂ ਮੋਢਿਆਂ ਤੇ ਚੁੱਕ ਕੇ ਮਾਣ ਕੀਤਾ ਗਿਆ। ਮੈਡਮ ਆਸ਼ਾ ਸ਼ਰਮਾ ਜੀ ਨੇ ਹੋਰਨਾਂ ਕਬੱਡੀ ਕੁਮੈਂਟੇਟਰਾਂ ਦੇ ਨਾਲ ਟੂਰਨਾਮੈਂਟ ਦਾ ਅਲੱਗ-ਅਲੱਗ ਟੀ. ਵੀ. ਚੈਨਲਾਂ ਰਾਹੀਂ ਪੂਰੀ ਦੁਨੀਆਂ ਨੂੰ ਅੱਖੀ ਡਿੱਠਾ ਹਾਲ ਸੁਣਾਇਆ। "ਦੇਸ਼ ਦੁਆਬਾ'' ਆਉਣ ਵਾਲੇ ਸਮੇਂ ਵਿਚ ਇਸ ਮਾਣਮੱਤੀ ਸੰਸਥਾ ਦੇ ਬਾਰੇ ਪਾਠਕਾਂ ਨਾਲ ਉਘੇ ਖੇਡ ਪ੍ਰਬੰਧਕ ਸ: ਜੌਹਨ ਸਿੰਘ ਗਿੱਲ ਤੇ ਉਹਨਾਂ ਦੇ ਸਾਥੀਆਂ ਰਾਹੀਂ ਜਾਣਕਾਰੀ ਮੁਹੱਈਆ ਕਰਵਾਉਣ ਦਾ ਯਤਨ ਕਰੇਗਾ। ਪੇਸ਼ ਹਨ ਪ੍ਰੇਮ ਕੁਮਾਰ ਚੁੰਬਰ ਦੁਆਰਾ ਲਈਆਂ।























All Pictures credit to : Prem K. Chumber (www.ambedkartimes & www.deshdoaba.com)

# "ਇੰਟਰਨੈਸ਼ਨਲ ਕਬੱਡੀ ਕੱਪ 2014"





























All Pictures credit to : Prem K. Chumber (www.ambedkartimes & www.deshdoaba.com)




## ਗਰੈਂਡ ਸਪਾਂਸਰ
## ਵਾਈਟ ਲੋਟਸ ਰੱਮੀ ਚੀਮਾ

### ਸਪਾਂਸਰ

ਰਾਜ ਭਨੋਟ ਬੇ-ਏਰੀਆ, ਹਰਜੀਤ ਸਵੈਚ ਰਿਆਲਟਰ, ਸੁਖਵਿੰਦਰ ਚੀਮਾ ਨਟੋਮਸ ਗੋਲਫ, ਮੇਜਰ ਸਿੰਘ ਸੈਮ ਆਟੋ ਰਿਪੇਅਰ, ਸ਼ਿੰਗਾਰਾ ਰੱਲ੍ਹ ਐਸ. ਆਰ. ਫੂਡ ਯੂਬਾ ਸਿਟੀ, ਮਨਪ੍ਰੀਤ ਮੰਟੂ ਯੂਬਾ ਸਿਟੀ, ਸਾਬੀ ਟਰੱਕਿੰਗ ਯੂਬਾ ਸਿਟੀ, ਹਰਨੇਕ ਸਿੰਘ ਸਟਾਰ ਆਫ ਇੰਡੀਆ ਯੂਬਾ ਸਿਟੀ, ਉਂਕਾਰ ਸਿੰਘ ਯੂਬਾ ਸਿਟੀ ਐਮ. ਕੇਂ ਟਰੱਕਿੰਗ, ਮੈਣੀ ਸਾਹੀ ਲੋਨ ਆਫੀਸਰ ਯੂਬਾ ਸਿਟੀ, ਡਾਡਲੀ ਫਾਰਮ ਯੂਬਾ ਸਿਟੀ, ਧੀਰਾ ਨਿੱਝਰ, ਦਿਲ ਨਿੱਝਰ ਜੌਨ ਬੰਗਾ ਰਿਆਲਟਰ, ਗੈਰੀ ਸਿੱਧੂ ਗੈਰੀ ਖਹਿਰਾ ਰਿਆਲਟਰ, ਅਮਰੀਕ ਪਰਹਾਰ ਫਾਸਟ ਸਟਾਫ, ਬੀ. ਜੇ. ਗੇਅਰ, ਬਲੀਨਾ ਬ੍ਰਦਰਜ਼ ਲੈਂਡ ਸਕੈਪਕਿੰਗ, ਮਨਜੀਤ ਸਿਬੀਆ ਸੈਬਰਨ, ਤਾਰਾ ਅਟਵਾਲ, ਪੀਟਰ ਦੁਸਾਂਝ ਯੂ. ਐਸ. ਏ. ਟਰੱਕਿੰਗ, ਨਬੀ ਭੰਡਾਲ, ਮਨਜੀਤ ਮੋਰ, ਗੁਲਿੰਦਰ ਗਿੱਲ ਡੈਨੀਜ਼, ਕੈਨੀ ਵਿਰਕ, ਜਸਪ੍ਰੀਤ ਅਟਾਰਨੀ, ਨੈਸ਼ਨਲ ਟਰੱਕ ਡਰਾਈਵਿੰਗ ਸਕੂਲ ਸੈਕਰਾਮੈਂਟੋ, ਬਿਸ਼ਨ ਸਿੰਘ ਰੀਨੋ, ਨਬੀ ਰੀਨੋ, ਗੁਰਮੁਖ ਸੰਧੂ, ਕਿੰਦੂ ਭਲਵਾਨ, ਮੁਹੱਬਤ ਕੈਲੇ, ਡਾਇਮੰਡ ਕਲੱਬ ਆਫ ਸੈਕਰਾਮੈਂਟੋ, ਜਨਕ ਸਿੱਧਰਾ ਅਮੈਰੀਕਨ ਟਰੈਵਲ ਐਂਡ ਟੂਰ, ਕਾਲਾ ਸੰਘਾ ਟਰੇਸੀ, ਭੁਪਿੰਦਰ ਸੰਘੇੜਾ, ਗੁਰੀ ਕੰਗ ਰਿਆਲਟਰ, ਰਵਿੰਦਰ ਕਾਹਲੋਂ, ਬੌਬੀ ਗੋਸਲ ਫੋਰ ਪੁਆਇੰਟ, ਸੈਮ ਚਾਹਲ ਰਿਆਲਟਰ, ਜੌਨੀ ਬੱਗਾ ਪੈਲੇਸ, ਚੀਨਾ ਜਿਊਲਰ ਸੈਕਰਾਮੈਂਟੋ, ਦੀਦਾਰ ਬੈਂਸ, ਬਲਜਿੰਦਰ ਜੌਹਲ, ਸਿਕੰਦਰ ਗਰੇਵਾਲ, ਡਿਕਸਨ ਢਾਬਾ, ਡਾ: ਸੁਮਨਦੀਪ ਰੰਧਾਵਾ, ਸੋਨੀ ਕੰਗ- ਜੱਜ ਕੰਗ (ਕੰਗ ਕਮਿਊਨੀਕੇਸ਼ਨ), ਜਿੰਦ ਕੰਗ ਪੰਜਾਬੀ ਅਮੈਰਿਕਨ ਹੈਰੀਟੇਜ਼ ਸੁਸਾਇਟੀ ਯੂਬਾ ਸਿਟੀ, ਤੀਆਂ ਨਟੋਮਸ ਦੀਆਂ, ਤੀਆਂ ਲਾਈਵ ਓਕ ਦੀਆਂ, ਤੀਆਂ ਐਨਗਰੋਵ ਦੀਆਂ, ਗੁਰਜਤਿੰਦਰ ਸਿੰਘ ਰੰਧਾਵਾ ਪੰਜਾਬ ਮੇਲ, ਕੇ. ਪੀ. ਸਿੰਘ, ਰੋਨੀ ਬੰਗਾ, ਮਨਪ੍ਰੀਤ ਗਰੇਵਾਲ, ਸੁੱਖੀ ਮਾਹਲ, ਜੌਹਨ ਗਿੱਲ ਅਤੇ ਮਾਈਕ ਗਿੱਲ ਸਕੋਰ 700 ਯੂ. ਐਸ. ਏ., ਮਨਜੀਤ ਰੱਲ੍ਹ।

**ਟਿਕਟਾਂ ਖਰੀਦਣ ਲਈ ਹੇਠ ਲਿਖੇ ਸਟੌਰਾਂ ਤੇ ਸੰਪਰਕ ਕਰੋ:**

1. ਇੰਡੀਆ ਮਾਰਕੀਟ ਐਲਕੋਰਨ ਰੋਡ,
2. ਇੰਡੀਆ ਮਾਰਕੀਟ ਫੁੱਟ ਹਿੱਲ ਰੋਡ ਰੋਜ਼ਵਿਲ,
3. ਸਪਾਈਸ ਆਫ ਇੰਡੀਆ ਐਂਟੀਲੋਪ,
4. ਸਾਨ ਮਾਰਕੀਟ ਨੌਰਥ ਗੇਟ ਨਟੋਮਸ,
5. ਨਟੋਮਸ ਫੈਬਰਿਕ ਐਂਡ ਗਰੋਸਰੀ ਨਟੋਮਸ
6. ਬੱਗਾ ਪੈਲੇਸ ਫਲੋਰਨ ਰੋਡ ਸੈਕਰਾਮੈਂਟੋ
7. ਦੇਸੀ ਬਾਜ਼ਾਰ ਸਟਾਕਟਨ ਬੁਲੇਵਾਡ ਸੈਕਰਾਮੈਂਟੋ
8. ਇੰਡੀਆ ਐਂਡ ਸਪਾਈਸ ਵੁਡਲੈਂਡ
9. ਦਿੱਲੀ ਬਾਜ਼ਾਰ ਬੈਸਟ ਸੈਕਰਾਮੈਂਟੋ
10. ਐਲ. ਏ. ਮਰਚਨਡਾਈਜ਼ ਯੂਬਾ ਸਿਟੀ
11. ਮਾਨ ਬ੍ਰਦਰਜ਼, ਮੀਟ ਸ਼ਾਪ ਯੂਬਾ ਸਿਟੀ
12. ਬੰਬੇ ਵੀਡੀਓ, ਯੂਬਾ ਸਿਟੀ

**ਵੀ ਆਈ ਪੀ ਅਤੇ ਵੀ ਵੀ ਆਈ ਪੀ ਟਿਕਟ ਲੈਣ ਲਈ ਸੰਪਰਕ ਕਰੋ: ਜੱਸੀ ਬੰਗਾ (916-796-5003)**

# 14 ਅਕਤੂਬਰ ਹੀ ਬੁੱਧ ਧੰਮ ਦੀਕਸ਼ਾ ਦਿਵਸ ਹੈ

## ਅਸ਼ੋਕ ਵਿਜੈ ਦਸ਼ਵੀ ਜਾਂ ਦੁਸਹਿਰੇ-ਦੀਵਾਲੀ ਨਾਲ, ਬੋਧੀਆਂ ਦਾ ਕੋਈ ਸੰਬੰਧ ਨਹੀ, ਸਾਜ਼ਿਸ਼ ਤੋਂ ਸਾਵਧਾਨ !

**-ਜਸਵਿੰਦਰ ਵਰਿਆਣਾ, ਪ੍ਰਧਾਨ**



ਜਦੋਂ ਕੋਈ ਹਿੰਦੂ ਬੋਧੀ ਬਣਦਾ ਹੈ, ਅਕਸਰ ਉਸ ਦੇ ਅੰਦਰ ਦਾ ਹਿੰਦੂ ਉਸਦੇ ਅੰਦਰ ਹੀ ਚੁੱਪਚਾਪ ਬੈਠਾ ਰਹਿੰਦਾ ਹੈ; ਜੋ ਮੌਕਾ ਮਿਲਣ 'ਤੇ ਸਿਰ ਚੁੱਕਦਾ ਰਹਿੰਦਾ ਹੈ. ਇਸੇ ਵਰਤਾਰੇ ਤੋਂ ਬੋਧੀਆਂ ਨੂੰ ਮੁਕਤ ਕਰਨ ਲਈ ਬਾਬਾ ਸਾਹਿਬ ਅੰਬੇਡਕਰ ਨੇ 22 ਪ੍ਰਤੀਗਿਆਵਾਂ ਦਾ ਵਿਧਾਨ ਕੀਤਾ ਹੈ।

ਦੇਖਣ ਵਿਚ ਆਇਆ ਹੈ ਕਿ ਅੰਦਰ ਛਿਪਿਆ ਹਿੰਦੂ ਜਾਂ ਕਹਿ ਲਵੋ 'ਬ੍ਰਾਹਮਣਵਾਦ' ਕਈ ਰੂਪਾਂ ਵਿਚ ਪ੍ਰਗਟ ਹੋਣ ਦੀ ਕੋਸ਼ਿਸ਼ ਕਰਦਾ ਹੈ. 14 ਅਕਤੂਬਰ, 1956 ਨੂੰ ਬਾਬਾ ਸਾਹਿਬ ਨੇ ਹਿੰਦੂਇਜ਼ਮ ਨੂੰ ਤਜ ਕੇ ਬੁੱਧਇਜ਼ਮ ਅਪਣਾਇਆ ਸੀ, ਪਰ ਬ੍ਰਾਹਮਣਵਾਦ ਦੇ ਝਾਂਸੇ ਵਿਚ ਆਏ ਕੁਝ ਬੋਧੀ ਇਹ ਕਹਿ ਰਹੇ ਹਨ ਕਿ ਉਹ ਦਿਨ ਬਾਬਾ ਸਾਹਿਬ ਨੇ ਇਸ ਲਈ ਚੁਣਿਆ ਸੀ ਕਿਉਂਕਿ ਉਸ ਦਿਨ ਦੁਸਹਿਰਾ ਸੀ, ਦੁਸਹਿਰੇ ਵਾਲੇ ਦਿਨ ਉਹਨਾਂ ਬੋਧੀਆਂ ਦੇ ਕਹਿਣ ਮੁਤਾਬਿਕ, ਅਸ਼ੋਕ ਵਿਜੈ ਦਸ਼ਵੀਂ ਨੂੰ ਸਮਰਾਟ ਅਸ਼ੋਕ ਨੇ ਕਲਿੰਗਾ 'ਤੇ ਜਿੱਤ ਪ੍ਰਾਪਤ ਕੀਤੀ ਸੀ ਤੇ ਇਸ ਦੇ ਸਿੱਟੇ ਵਜੋਂ ਉਹਨਾਂ ਬੁੱਧ ਧੰਮ ਅਪਣਾਇਆ ਸੀ। ਇਸ ਤਰਾਂ ਦੀਆਂ ਬੇਬੁਨਿਆਦ ਗੱਲਾਂ ਬੋਧੀਆਂ ਅੰਦਰ ਲੁੱਕ ਕੇ ਬੈਠਾ ਬ੍ਰਾਹਮਣਵਾਦ ਹੀ ਉਹਨਾਂ ਤੋਂ ਕਰਵਾ ਰਿਹਾ ਹੈ ਤੇ ਉਹਨਾਂ ਭੋਲੇ-ਭਾਲੇ ਲੋਕਾਂ ਨੂੰ ਇਹੋ ਸਮਝਾਈ ਜਾਂਦਾ ਹੈ ਕਿ ਦੁਸਹਿਰਾ ਬੋਧੀਆਂ ਦਾ ਤਿਉਹਾਰ ਹੈ ਤੇ ਇਸੇ ਲਈ ਬਾਬਾ ਸਾਹਿਬ ਨੇ ਬੁੱਧ ਧੰਮ ਗ੍ਰਹਿਣ ਕਰਨ ਲਈ ਦੁਸਹਿਰੇ ਦਾ ਦਿਨ ਹੀ ਚੁਣਿਆ ਸੀ. ਅਸਲੀਅਤ ਇਹ ਹੈ ਕਿ ਕਈ ਸਦੀਆਂ ਤੋਂ ਇਸ ਦੇਸ਼ ਦੇ ਲੋਕਾਂ ਨੂੰ, ਜਿਹਨਾਂ ਵਿਚ ਬੋਧੀ ਵੀ ਸ਼ਾਮਿਲ ਸਨ, ਇਹ ਪਤਾ ਹੀ ਨਹੀਂ ਸੀ ਕਿ ਅਸ਼ੋਕ ਨਾਮ ਦਾ ਕੋਈ ਰਾਜਾ ਵੀ ਇੱਥੇ ਹੋਇਆ ਹੈ. ਕਈ ਸਦੀਆਂ ਤੋਂ ਬਾਅਦ, ਅੱਜ ਤੋਂ ਕੋਈ 650 ਵਰੇ ਪਹਿਲਾਂ, ਦਿੱਲੀ ਦੇ ਸੁਲਤਾਨ ਫਿਰੋਜ਼ਸ਼ਾਹ ਤੁਗ਼ਲਕ (1351-88) ਨੇ ਮੇਰਠ ਅਤੇ ਤੋਪੜਾ ਪਿੰਡ ਵਿਚ ਜਦ ਵੱਡੇ-ਵੱਡੇ ਖੰਭਿਆਂ ਤੇ ਕੁਝ ਲਿਖਿਆ ਵੇਖਿਆ ਤਾਂ ਉਸ ਨੂੰ ਪੜਨ ਲਈ ਦੇਸ਼ ਦੇ ਵੱਡੇ-ਵੱਡੇ ਵਿਦਵਾਨਾਂ ਨੂੰ ਬੁਲਾਇਆ; ਪਰ ਕੋਈ ਵੀ ਇਕ ਅੱਖਰ ਤੱਕ ਨਾ ਸਮਝ ਸਕਿਆ।

ਉਸ ਤੋਂ 200 ਸਾਲ ਬਾਅਦ ਬਾਦਸ਼ਾਹ ਅਕਬਰ (1556-1603) ਨੇ ਵੀ ਆਪਣੇ ਸਮੇਂ ਦੇ ਸਭ ਵਿਦਵਾਨ ਬੁਲਾ ਕੇ ਇਹਨਾਂ ਲਿਖਿਤਾਂ ਨੂੰ ਜਾਨਣ ਦਾ ਉਪਰਾਲਾ ਕੀਤਾ ਸੀ; ਪਰ ਉਹ ਵੀ ਅਸਫਲ ਰਿਹਾ ਸੀ. ਇਸ ਤੋਂ ਕੋਈ ਪੌਣੇ ਤਿੰਨ ਸੌ ਸਾਲ ਬਾਅਦ 1837 ਵਿਚ ਸ਼੍ਰੀ ਜੇਮਸ ਪ੍ਰਿੰਸੇਪ (1799-1840) ਨਾਮ ਦੇ ਇਕ ਅੰਗ੍ਰੇਜ਼ ਵਿਦਵਾਨ ਨੇ ਇਹਨਾਂ ਨੂੰ ਪੜਨ ਵਿਚ ਸਫਲਤਾ ਪ੍ਰਾਪਤ ਕੀਤੀ ਸੀ।

ਇਹਨਾਂ ਦੇ ਪੜੇ ਜਾਣ ਤੋਂ ਪਹਿਲਾਂ ਸਦੀਆਂ ਤੋਂ ਇਸ ਦੇਸ਼ ਦੇ ਨਿਵਾਸੀ, ਜਿਹਨਾਂ ਵਿਚ ਬੋਧੀ ਵੀ ਸ਼ਾਮਿਲ ਸਨ, ਇਹੋ ਸਮਝਦੇ ਸੀ ਕਿ ਇਹਨਾਂ ਖੰਭਿਆਂ 'ਤੇ ਗੀਤਾ ਦਾ ਉਪਦੇਸ਼ ਅੰਕਿਤ ਹੈ. ਸਦੀਆਂ ਤੋਂ ਕੋਈ ਅਸ਼ੋਕ ਦਾ ਨਾਮ ਤੱਕ ਨਹੀਂ ਜਾਣਦਾ ਸੀ. ਜਿਵੇਂ ਅਸੀਂ ਪਹਿਲਾਂ ਦੇਖਿਆ ਹੈ, 14ਵੀਂ ਸਦੀ ਵਿਚ ਕਿਸੇ ਹਿੰਦੂ ਜਾਂ ਬੋਧੀ ਵਿਦਵਾਨ ਨੂੰ ਇਹ ਨਹੀਂ ਪਤਾ ਸੀ ਕਿ ਇਹ ਸ਼ਿਲਾਲੇਖ ਕਿਸੇ ਅਸ਼ੋਕ ਨਾਮੀ ਰਾਜਾਂ ਦੇ ਲਿਖਵਾਏ ਹੋਏ ਹਨ. 14ਵੀਂ ਸਦੀ ਤੋਂ ਪਹਿਲਾਂ ਪਤਾ ਨਹੀਂ ਕਦੋਂ ਤੋਂ ਇਹ ਗੱਲ ਸੀ. ਇਹ ਤਾਂ 19ਵੀਂ ਸਦੀ ਦੇ ਅੱਧ ਵਿਚ ਜਾ ਕੇ ਪਤਾ ਲੱਗਾ ਕਿ ਕੋਈ ਰਾਜਾ ਅਸ਼ੋਕ ਵੀ ਹੋਇਆ ਹੈ ਤੇ ਉਸ ਨੇ ਬੁੱਧਇਜ਼ਮ ਅਪਣਾਅ ਲਿਆ ਸੀ।

ਅਜਿਹੇ ਹਾਲਾਤ ਵਿਚ ਕੋਈ ਇਹ ਕਿਵੇਂ ਕਹਿ ਸਕਦਾ ਹੈ ਕਿ ਅਸ਼ੋਕ ਨੇ ਵਿਜੈ ਦਸ਼ਵੀਂ ਨੂੰ ਬੁੱਧਇਜ਼ਮ ਅਪਣਾਇਆ ਸੀ ਤੇ ਦੁਸਹਿਰਾ ਉਸੇ ਦੀ ਯਾਦ ਵਿਚ ਮਨਾਇਆ ਜਾ ਰਿਹਾ ਹੈ ? ਕਿਸੇ ਬੋਧੀ ਗ੍ਰੰਥ ਵਿਚ ਨਾ 'ਅਸ਼ੋਕ ਵਿਜੈ ਦਸ਼ਵੀਂ' ਦਾ ਜ਼ਿਕਰ ਹੈ, ਨਾ 'ਦੁਸ਼ਹਿਰੇ' ਦਾ।

ਜਦੋਂ ਤੋਂ ਬਾਬਾ ਸਾਹਿਬ ਨੇ ਹਿੰਦੂਇਜ਼ਮ ਨੂੰ ਛੱਡ ਕੇ ਬੁੱਧਇਜ਼ਮ ਅਪਣਾਇਆ ਹੈ, ਉਸੇ ਸਮੇਂ ਤੋਂ ਹਿੰਦੂਤਵ ਦੇ ਝੰਡਾ ਬਰਦਾਰ ਅਤੇ ਬ੍ਰਾਹਮਣਵਾਦੀ ਸ਼ਕਤੀਆਂ ਇਸ ਤਾਕ ਵਿਚ ਹਨ ਕਿ ਕਿਸ ਤਰਾਂ ਅੰਜਬੇਡਕਰ ਦੇ ਬੁੱਧਇਜ਼ਮ ਨੂੰ ਨਿਗਲ ਕੇ ਦਲਿਤਾਂ ਨੂੰ ਮੁੜ ਇਹ ਅਹਿਸਾਸ ਕਰਵਾਇਆ ਜਾਵੇ ਕਿ ਤੁਸੀਂ ਸ਼ੂਦਰ ਦੇ ਸ਼ੂਦਰ ਹੀ ਹੋ, ਤੁਸੀਂ ਬੋਧੀ ਬਣ ਕੇ ਐਵੇਂ ਸਿਰ ਨਾ ਚੁੱਕੀ ਫਿਰੋ; ਤੁਹਾਡਾ ਬੁੱਧਇਜ਼ਮ ਹਿੰਦੂ ਧਰਮ ਦਾ ਹੀ ਇਕ ਹਿੱਸਾ ਹੈ, ਜਿਵੇਂ ਸ਼ੂਦਰ ਹਿੰਦੂ ਜਾਤ-ਪਾਤ ਦਾ ਹੀ ਇਕ ਹਿੱਸਾ ਹੈ. ਵਿਜੈ ਦਸ਼ਵੀਂ ਦੀ ਕਲਪਨਾ 20ਵੀਂ ਸਦੀ ਵਿਚ ਹੀ ਕੀਤੀ ਗਈ ਹੈ. ਪਹਿਲਾਂ ਇਹ ਰਾਮ ਦੀ ਰਾਵਣ 'ਤੇ ਵਿਜੈ ਨਾਲ ਜੋੜੀ ਗਈ ਸੀ, ਪਰ ਹੁਣ ਬੋਧੀਆਂ ਨੂੰ ਭਰਮਾਉਣ ਲਈ ਅਸ਼ੋਕ ਨਾਲ ਜੋੜ ਦਿੱਤੀ ਗਈ ਹੈ. ਇਹ ਦਾਣਾ ਸੁੱਟਿਆ ਗਿਆ ਹੈ, ਭੋਲੇ-ਭਾਲੇ ਬੋਧੀਆਂ ਨੂੰ ਜਾਲ ਵਿਚ ਫਸਾਉਣ ਲਈ. ਸਾਨੂੰ ਇਸ ਦਾਣੇ ਤੋਂ ਬਚਣ ਦੀ ਲੋੜ ਹੈ।

ਇਹ ਬ੍ਰਾਹਮਣਵਾਦ ਨੂੰ ਬੋਧੀ-ਚਾਸ਼ਨੀ ਵਿਚ ਗਲੇਫ ਕੇ ਸੁੱਟਿਆ ਗਿਆ ਦਾਣਾ ਹੈ ਤਾਂਕਿ ਭੋਲੇ ਬੋਧੀ ਬਿਨਾਂ ਸੋਚੇ ਸਮਝੇ ਇਸ ਨੂੰ ਚੁਗ ਜਾਣ. ਇਸ ਦਾਣੇ ਨੂੰ ਚੁਗਣਾ ਆਤਮ ਹੱਤਿਆ ਕਰਨ ਦੇ ਸਮਾਨ ਹੈ; ਇਹ ਆਪਣੇ ਵਿਰਸੇ ਦਾ ਆਪ ਹੀ ਬ੍ਰਾਹਮਣੀਕਰਨ ਕਰਨਾ ਹੈ. ਅਜਿਹਾ ਉਹ ਵਿਅਕਤੀ ਹੀ ਕਰ ਸਕਦਾ ਹੈ, ਜਿਸ ਦੇ ਅੰਦਰੋਂ ਅਜੇ ਬ੍ਰਾਹਮਣਵਾਦ ਖਤਮ ਨਹੀਂ ਹੋਇਆ; ਜਿਸਦੇ ਅੰਦਰ ਹਿੰਦੂ ਛਿਪ ਕੇ ਬੈਠਾ ਹੈ. ਅਜਿਹਾ ਬੰਦਾ ਬਾਬਾ ਸਾਹਿਬ ਅੰਜਬੇਡਕਰ ਨੂੰ ਕਦੇ ਵੀ ਧੋਖਾ ਦੇ ਸਕਦਾ ਹੈ, ਸਮਾਜ ਨਾਲ ਕਦੇ ਵੀ ਗੱਦਾਰੀ ਕਰ ਸਕਦਾ ਹੈ।

ਸਮਰਾਟ ਅਸ਼ੋਕ ਦੇ ਸ਼ਿਲਾਲੇਖ ਸ਼੍ਰੀ ਜੇਮਸ ਪ੍ਰਿੰਸੇਪ ਦੁਆਰਾ ਪੜੇ ਜਾਣ ਤੋਂ ਬਾਅਦ ਪਤਾ ਲੱਗਦਾ ਹੈ ਕਿ ਸਮਰਾਟ ਅਸ਼ੋਕ ਬਹੁਤ ਮਹਾਨ ਸਮਰਾਟ ਹੋਏ ਹਨ. ਇਕ ਅੰਗ੍ਰੇਜ਼ ਵਿਦਵਾਨ ਸ਼੍ਰੀ ਐਚ.ਸੀ. ਵੇਲਸ ਸਮਰਾਟ ਅਸ਼ੋਕ ਬਾਰੇ ਲਿਖਦੇ ਹਨ ਕਿ: "ਬਾਦਸ਼ਾਹਾਂ ਦੇ ਹਜ਼ਾਰਾਂ ਨਾਮਾਂ ਵਿਚੋਂ; ਜਿਹਨਾਂ ਨਾਲ ਇਤਿਹਾਸ ਦੇ ਪੰਨੇ ਭਰੇ ਪਏ ਹਨ; ਜਿਹਨਾਂ ਵਿਚ ਵੱਡੇ-ਵੱਡੇ ਮਹਾਰਾਜੇ, ਮਹਾਮਹੀਨ ਅਤੇ ਸਮਰਾਟ ਹਨ; ਅਸ਼ੋਕ ਦਾ ਨਾਮ ਇਕੋ-ਇਕ ਚਮਕ ਰਿਹਾ ਹੈ ਅਤੇ ਇਸ ਤਰਾਂ ਨਾਲ ਚਮਕ ਰਿਹਾ ਹੈ ਜਿਵੇਂ ਕੋਈ ਸਿਤਾਰਾ ਹੋਵੇ. ਵੋਲਗਾ ਤੋਂ ਲੈ ਕੇ ਜਾਪਾਨ ਤੱਕ ਉਸ ਦਾ ਨਾਮ ਅੱਜ ਵੀ ਆਦਰ ਦੇ ਨਾਲ ਲਿਆ ਜਾਂਦਾ ਹੈ। ਚੀਨ, ਤਿੱਬਤ ਅਤੇ ਭਾਰਤ ਵੀ, ਜਿੱਥੇ ਉਸ ਦੀਆਂ ਸਿੱਖਿਆਵਾਂ ਅਸਲ 'ਚ ਤਿਆਗ ਦਿੱਤੀਆਂ ਗਈਆਂ ਹਨ, ਉਸਦੇ ਬੜਪਨ ਦੀ ਪਰੰਪਰਾ ਦੀ ਰੱਖਿਆ ਕਰਦੇ ਹਨ. ਅੱਜ ਦੇ ਜਿੰਨੇ ਜੀਵਿਤ ਇਨਸਾਨ ਉਸਦੀ ਸਮ੍ਰਿਤੀ ਨੂੰ ਬਣਾਏ ਹੋਏ ਹਨ, ਉਹਨਾਂ ਲੋਕਾਂ ਨੇ ਕਾਂਸਟ੍ਰੇਇਨ ਅਤੇ ਸ਼ਾਰਲਮੇਨ ਦੇ ਨਾਮ ਕਦੀ ਸੁਣੇ ਵੀ ਨਾ ਹੋਣਗੇ।"

ਅਸੀਂ ਸਮਰਾਜ ਅਸ਼ੋਕ ਦੇ ਵਿਅਕਤੀਤੱਵ ਨੂੰ ਨੀਵਾਂ ਨਹੀਂ ਕਰ ਰਹੇ ਕਿਉਂਕਿ ਉਸ ਨੇ ਬੁੱਧਇੱਜ਼ਮ ਦਾ ਪ੍ਰਚਾਰ-ਪ੍ਰਸਾਰ ਅਤੇ ਵਿਸਥਾਰ ਕਰਕੇ ਮਾਨਵਤਾ ਉੱਤੇ ਬਹੁਤ ਵੱਡਾ ਉਪਕਾਰ ਕੀਤਾ ਹੈ, ਜਿਸ ਦੀ ਦੂਜੀ ਮਿਸਾਲ ਲੱਭ ਪਾਉਣਾ ਮੁਸ਼ਕਿਲ ਹੀ ਨਹੀਂ ਬਲਕਿ ਨਾ-ਮੁਮਕਿਨ ਵੀ ਹੈ ਪਰ ਸਮਰਾਟ ਅਸ਼ੋਕ ਕੋਈ ਵਿਚਾਰ ਪ੍ਰਸਤੁਤ ਨਹੀਂ ਕਰਕੇ ਗਏ; ਜਿਸ ਨੂੰ ਅਸੀਂ ਅਸ਼ੋਕਇੱਜ਼ਮ/ਅਸ਼ੋਕਵਾਦ ਕਹਿ ਸਕੀਏ ਪਰ ਬਾਬਾ ਸਾਹਿਬ ਡਾ. ਅੰਜਬੇਡਕਰ ਨੇ ਅਣਗਿਣਤ ਵਿਚਾਰ ਪੇਸ਼ ਕੀਤੇ ਹਨ ਜਿਸ ਨੂੰ ਦੁਨੀਆਂ ਅੰਜਬੇਡਕਰਇੱਜ਼ਮ ਦੇ ਨਾਮ ਨਾਲ ਜਾਣਦੀ ਹੈ ਅਤੇ ਹਕੀਕਤ ਇਹ ਹੈ ਕੀ ਅੱਜ ਹਿੰਦੂਰਾਸ਼ਟਰਵਾਦ ਦੇ ਸਮਰਥਕਾਂ, ਜਾਂ ਕਿਹਾ ਜਾਵੇ ਕਿ ਬ੍ਰਾਹਮਣਵਾਦ, ਦੇ ਲਈ ਸਮਰਾਟ ਅਸ਼ੋਕ ਇਹਨਾਂ ਘਾਤਕ ਨਹੀਂ ਹੈ ਜਿਹਨਾਂ ਅੰਜਬੇਡਕਰਵਾਦ ਹੈ।

ਬਾਬਾ ਸਾਹਿਬ ਡਾ. ਅੰਬੇਡਕਰ ਦੁਆਰਾ 14 ਅਕਤੂਬਰ, 1956 ਨੂੰ ਜੋ ਧਰਮ ਪਰਿਵਰਤਨ ਕੀਤਾ ਗਿਆ ਸੀ, ਉਸ ਦੀ ਮਿਸਾਲ ਦੁਨੀਆਂ 'ਚ ਕਿਤੇ ਵੀ ਲੱਭਿਆਂ ਨਹੀਂ ਲੱਭ ਸਕਦੀ ਕਿਉਂਕਿ 14 ਅਕਤੂਬਰ, 1956 ਨੂੰ ਬਾਬਾ ਸਾਹਿਬ ਨੇ ਮਹਾਮਾਨਵ ਬੁੱਧ ਦੁਆਰਾ ਚਲਾਏ ਧੰਮ ਚੱਕਰ ਨੂੰ ਭਾਰਤ ਵਿਚ ਮੁੜ ਗਤੀਮਾਨ ਕਰਦੇ ਹੋਏ ਸਿਰਫ ਇਕ ਦਿਨ ਵਿਚ ਹੀ ਆਪਣੇ 10 ਲੱਖ ਦੇ ਕਰੀਬ ਅਨੁਯਾਈਆਂ ਨੂੰ ਬੁੱਧ ਧੰਮ ਦੀ ਦੀਖਸ਼ਾ ਦਿੱਤੀ ਸੀ ਜੋ ਦੁਨੀਆਂ ਦਾ ਕੋਈ ਵੀ ਧਰਮ ਸੰਸਥਾਪਕ, ਧਰਮ ਉਪਦੇਸ਼ਕ ਜਾਂ ਧਰਮ ਪ੍ਰਚਾਰਕ ਨਹੀਂ ਦੇ ਸਕਿਆ।

ਸਾਨੂੰ ਇਕ ਗੱਲ ਜੋ ਖਾਸ ਤੌਰ ਉੱਤੇ ਯਾਦ ਰੱਖਣੀ ਚਾਹੀਦੀ ਹੈ ਉਹ ਇਹ ਹੈ ਕਿ ਜਿਥੇ ਬਾਬਾ ਸਾਹਿਬ ਨੇ ਆਪਣੇ ਅਨੁਯਾਈਆਂ ਨੂੰ ਸਮਤਾ, ਸਮਾਨਤਾ, ਨੈਤਿਕਤਾ ਅਤੇ ਤਰਕਸ਼ੀਲਤਾ ਦੇ ਬੁੱਧ ਧੰਮ ਰੂਪੀ ਵਿਸ਼ਾਲ ਸਾਗਰ ਵਿਚ ਲਿਆਂਦਾ ਉੱਥੇ ਉਹਨਾਂ ਨੇ ਬ੍ਰਾਹਮਣਵਾਦੀ ਹਿੰਦੂ ਧਰਮ ਦੇ ਜਾਤੀਵਾਦ, ਅੰਧ-ਵਿਸ਼ਵਾਸ, ਅਗਿਆਨਤਾ, ਬਾਬਾ ਸਾਹਿਬ ਦੇ ਸ਼ਬਦਾਂ ਮੁਤਾਬਿਕ ਨਰਕ, ਵਿਚੋਂ ਵੀ ਕੱਢਿਆ ਹੈ।

ਇਸ ਲਈ 14 ਅਕਤੂਬਰ ਦਾ ਇਕ ਖਾਸ ਮਹੱਤਵ ਹੈ. ਦੇਸ਼-ਵਿਦੇਸ਼ ਵਿਚ 14 ਅਕਤੂਬਰ (1956) ਹੀ ਨੂੰ ਬੁੱਧ ਧੰਮ ਦੀਖਸ਼ਾ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ. ਨਾ ਵਿਦੇਸ਼ਾਂ ਵਿਚ ਅਤੇ ਨਾ ਦੱਖਣ ਭਾਰਤ ਸਥਿਤ ਸੂਬਿਆਂ ਵਿਚ ਦੁਸਹਿਰਾ ਮਨਾਇਆ ਜਾਂਦਾ ਹੈ, ਕਈ ਥਾਵਾਂ 'ਤੇ ਮਹਾਕਵੀ ਵਾਲਮੀਕਿ ਅਨੁਸਾਰ 'ਮਹਾਤਮਾ' ਕਹੇ ਜਾਣ ਵਾਲੇ ਰਾਵਣ ਦੇ ਪੁਤਲੇ ਸਾੜਣ ਦੀ ਬਜਾਏ, ਉਸ ਦੀ ਪੂਜਾ ਕੀਤੀ ਜਾਂਦੀ ਹੈ. ਇਕ ਹੋਰ ਗੜਬੜ ਹੈ ਉਹ ਇਹ ਕਿ ਬ੍ਰਾਹਮਣੀ ਤਿਊਹਾਰ ਦੁਸਹਿਰਾ ਕਦੀ 14 ਅਕਤੂਬਰ ਤੋਂ ਪਹਿਲਾਂ ਅਤੇ ਕਦੀ ਬਾਅਦ ਵਿਚ ਆਉਂਦਾ ਹੈ, ਇਹ ਗੱਲ ਵੀ ਧਿਆਨ ਵਿਚ ਰੱਖਣ ਦੀ ਲੋੜ ਹੈ। ਦੇਖਿਆ ਗਿਆ ਹੈ ਕਿ ਜੋ ਬੋਧੀ ਲੋਕ ਅਸ਼ੋਕ ਵਿਜੈ ਦਸ਼ਵੀਂ ਮਨਾਉਣ ਦਾ ਢੌਂਗ ਕਰਦੇ ਹਨ, ਉਹ ਜਲਦੀ-ਜਲਦੀ ਉਸ ਪ੍ਰੋਗਰਾਮ ਤੋਂ ਵਿਹਲੇ ਹੋ ਕੇ ਹਿੰਦੂਆਂ ਦੇ ਦੁਸਹਿਰੇ ਵੱਲ ਨੂੰ ਵੀ ਭੱਜਦੇ ਹਨ. ਸਮਾਜ ਦੇ ਗੁੰਮਰਾਹ ਹੋਏ ਕੁਝ ਬੋਧੀ ਅਗਿਆਨਤਾ ਵੱਸ ਦੀਵਾਲੀ ਨੂੰ ਵੀ ਦੀਪਮਾਲਾ ਕਰਨ ਲੱਗ ਪਏ ਹਨ ਅਤੇ ਹਾਸੋ-ਹੀਣੇ ਤਰਕ ਦਿੰਦੇ ਹਨ ਕਿ ਇਸ ਦਿਨ ਮਹਾਮਾਨਵ ਬੁੱਧ ਫਲਾਨੇ ਪਿੰਡ ਗਏ ਸੀ ਤੇ ਪਿੰਡ ਦੇ ਲੋਕਾਂ ਨੇ ਉਹਨਾਂ ਦੇ ਆਉਣ ਦੇ ਸਵਾਗਤ ਵਜੋਂ ਦੀਪਮਾਲਾ ਕੀਤੀ ਸੀ, ਇਸ ਲਈ ਦੀਵਾਲੀ ਵੀ ਬੋਧੀਆਂ ਦਾ ਹੀ ਤਿਊਹਾਰ ਹੈ. ਅਜਿਹੇ ਲੋਕਾਂ ਦੇ ਅੰਦਰ ਬ੍ਰਾਹਮਣਵਾਦ ਇਸ ਹੱਦ ਤੱਕ ਘਰ ਕਰਕੇ ਬੈਠਾ ਹੈ ਕਿ ਉਹਨਾਂ ਦੀ ਮਾਨਸਿਕਤਾ ਨੂੰ ਦੇਖਦੇ ਹੋਏ ਆਪਾਂ ਕਹਿ ਸਕਦੇ ਹਾਂ ਕਿ ਉਹ ਦਿਨ ਦੂਰ ਨਹੀਂ ਜਦੋਂ ਇਹ ਲੋਕ ਕਹਿਣਗੇ ਕਿ ਇਕ ਔਰਤ ਨੇ ਬੁੱਧ ਦੇ ਰੱਖੜੀ ਬੰਨੀ ਸੀ ਇਸ ਲਈ ਰੱਖਵੀ ਵੀ ਬੋਧੀਆਂ ਦਾ ਹੀ ਤਿਊਹਾਰ ਹੈ. ਬੁੱਧ ਨੇ ਹੀ ਹੋਲੀ ਖੇਡਣ ਅਤੇ ਲੋਹੜੀ ਮਨਾਉਣ ਦੀ ਪਰੰਪਰਾ ਚਲਾਈ ਹੈ ਬਲਕਿ ਅੱਜ ਜੋ ਵੀ ਹਿੰਦੂ ਲੋਕ ਤਿਊਹਾਰ ਮਨਾਉਂਦੇ ਹਨ ਉਹ ਸਭ ਪਹਿਲਾਂ ਬੋਧੀਆਂ ਦੇ ਹੀ ਤਿਊਹਾਰ ਸਨ. ਇਸ ਦਾ ਕਾਰਨ ਇਹੋ ਹੈ ਕਿ ਉਹਨਾਂ ਦੇ ਅੰਦਰ ਹਿੰਦੂ/ਬ੍ਰਾਹਮਣਵਾਦ ਛਿਪਿਆ ਬੈਠਾ ਹੈ, ਜੋ ਉਹਨਾਂ ਤੋਂ ਹਾਸੋ-ਹੀਣੀਆਂ ਹਰਕਤਾਂ ਕਰਵਾ ਰਿਹਾ ਹੈ. ਇਸ ਤਰਾਂ ਉਹ ਸਮਾਜ ਨੂੰ ਧੋਖਾ ਦੇ ਰਹੇ ਹਨ।

ਪਿਆਰੇ ਬੋਧੀ ਭੈਣੋ-ਭਰਾਵੋਂ, ਆਓ, ਆਪਣੇ ਅੰਦਰਲੇ ਹਿੰਦੂ ਨੂੰ ਬਾਹਰ ਕੱਢੀਏ ਤੇ ਉਸ ਦੀ ਥਾਂ 'ਤੇ ਆਪਣੇ ਅੰਦਰ ਬੁੱਧ ਤੇ ਅੰਜਬੇਡਕਰ ਦੀਆਂ ਨਿਰਮਲ ਤੇ ਤਰਕਸ਼ੀਲ ਸਿੱਖਿਆਵਾਂ ਨੂੰ ਦ੍ਰਿੜਤਾ ਨਾਲ ਸਥਾਪਿਤ ਕਰੀਏ। ਸਾਡਾ ਮਕਸਦ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਨਹੀਂ ਹੈ ਬਲਕਿ ਅਸੀਂ ਚਾਹੁੰਦੇ ਹਾਂ ਕਿ ਬ੍ਰਾਹਮਣਵਾਦੀ ਤਾਕਤਾਂ ਅੰਜਬੇਡਕਰਵਾਦ ਨੂੰ ਖਤਮ ਕਰਨ ਲਈ ਸਮਾਜ ਦੇ ਭੋਲੇ ਭਾਲੇ ਜਾਂ ਮੰਦਬੁੱਧੀ ਲੋਕਾਂ ਨੂੰ ਆਪਣਾ ਹੱਥ-ਠੋਕਾ ਬਣਾ ਕੇ ਅੰਜਬੇਡਕਰਵਾਦ ਵਿਚ ਜੋ ਗੰਦਲਾਪਨ ਫੈਲਾ ਰਹੇ ਹਨ ਉਸ ਗੰਦਲੇਪੰਨ ਨੂੰ ਦੂਰ ਕੀਤਾ ਜਾਵੇ ਤਾਂ ਜੋ ਸਾਡਾ ਸਮਾਜ ਮੁੜ ਬ੍ਰਾਹਮਣਵਾਦ ਦਾ ਗੁਲਾਮ ਨਾ ਬਣ ਸਕੇ। ਅਸੀਂ ਸਮਾਜ ਦੇ ਹਰ ਇਕ ਸ਼ਖਸ, ਜੋ ਸਮਾਜ ਨੂੰ ਅੰਜਬੇਡਕਰਵਾਦ ਦੁਆਰਾ ਜਾਗ੍ਰਿਤ ਕਰਨਾ ਚਾਹੁੰਦਾ ਹੈ, ਨੂੰ ਅਪੀਲ ਕਰਦੇ ਹਾਂ ਕਿ ਉਹ ਇਸ ਉਪਰੋਕਤ ਵਿਸ਼ੇ ਬਾਰੇ ਆਪਣੇ ਵਿਚਾਰ ਸਾਨੂੰ ਲਿਖ ਕੇ ਜ਼ਰੂਰ ਭੇਜਣ।

ਨਮੋ ਬੁੱਧਾਏ, ਜੈ ਭੀਮ!

# ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ:) ਪੰਜਾਬ ਸ਼ਾਖਾ
ਮੋਬਾਇਲ : +91-98148 23025

*(ਵਿਚਾਰ ਆਪੋ-ਆਪਣਾ- ਸੰਪਾਦਕ)*

## ਗਦਰੀ ਆਗੂ ਅਤੇ ਆਦਿ ਧਰਮ ਮੰਡਲ ਦੇ ਸੰਸਥਾਪਕ ਬਾਬੂ ਮੰਗੂ ਰਾਮ ਮੂਗੋਵਾਲੀਆ ਸਬੰਧੀ ਸਨਮਾਨ ਸਮਾਰੋਹ ਕਰਵਾਇਆ ਗਿਆ









ਗਦਰੀ ਆਗੂ ਅਤੇ ਆਦਿ ਧਰਮ ਮੰਡਲ ਦੇ ਸੰਸਥਾਪਕ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਯਾਦ ਵਿੱਚ ਤਪ ਅਸਥਾਨ ਸੁਆਮੀ ਇਸ਼ਰਦਾਸ ਜੀ ਮਹਾਰਾਜ ਆਨੰਦਗੜ੍ਹ ਮਹਿਲਾਂਵਾਲੀ ਹੁਸ਼ਿਆਰਪੁਰ ਵਿਖੇ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਸੰਤ ਬਿਹਾਰੀ ਲਾਲ ਜੀ, ਆਦਿ ਧਰਮ ਆਗੂ ਅਮਰਜੀਤ ਗੁਰੂ ਯੂ ਕੇ, ਤਰਸੇਮ ਕੌਰ ਗੁਰੂ, ਨਾਨਕ ਚੰਦ ਸਹੋਤਾ, ਤਰਸੇਮ ਲਾਲ ਸਹੋਤਾ, ਰਾਮ ਸਿੰਘ ਸ਼ੁਕਲਾ, ਰਾਮ ਪ੍ਰਕਾਸ਼ ਰੀਹਲਾ, ਜਗਦੀਸ਼ ਲਾਲ ਬੱਧਣ, ਮਦਨ ਲਾਲ, ਸ਼ਤੀਸ਼ ਕੁਮਾਰ, ਬਲਵੀਰ ਭਾਟੀਆ, ਬੀ ਐਸ ਪਰਵਾਨਾ, ਡਾਕਟਰ ਕ੍ਰਿਸ਼ਨ ਦੇਵ, ਸੋਡੀ ਰਾਮ, ਡਾਕਟਰ. ਲੇਖ ਰਾਜ ਖੰਨਾ, ਮੋਹਨ ਲਾਲ ਭਟੋਆ, ਕੁਲਦੀਪ ਚੰਦ ਆਦਿ ਨੇ ਆਦਿ ਧਰਮ ਮੰਡਲ ਸਬੰਧੀ ਅਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸਮਾਜ ਦੇ ਬੁਧੀਜੀਵੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਇੱਕ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਗਿਆ ਜੋ ਹੁਸ਼ਿਆਰਪੁਰ ਸ਼ਹਿਰ ਵਿਚੋਂ ਹੋਕੇ ਚੱਵੇਬਾਲ, ਮਾਹਿਲਪੁਰ ਹੁੰਦੇ ਹੋਏ ਬਾਬੂ ਮੰਗੂ ਰਾਮ ਜੀ ਦੇ ਪਿੰਡ ਮੂਗੋਵਾਲ ਹੋਕੇ ਗੜਸ਼ੰਕਰ ਵਿੱਚ ਬਾਬੂ ਜੀ ਦੀ ਸਮਾਧੀ ਤੇ ਜਾਕੇ ਪਹੁੰਚੀ। ਇਸ ਮੌਕੇ ਵੱਖ ਵੱਖ ਥਾਵਾਂ ਤੇ ਸੰਗਤਾਂ ਵਲੋਂ ਸ਼ੋਭਾ ਯਾਤਰਾ ਦਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਆਯੋਜਕਾਂ ਨੂੰ ਸਨਮਾਨਿਤ ਕੀਤਾ ਗਿਆ।

**- ਕੁਲਦੀਪ ਚੰਦ (9417563054)**

## ਬਾਬਾ ਸ਼ਾਮੀ ਦੇ ਦਰਬਾਰ ਤੇ ਹੋਏ 289 ਵੇਂ ਕੌਮਾਂਤਰੀ ਸੰਗੀਤਕ ਸੰਮੇਲਨ ਵਿਚ ਡਾ. ਜਸਵੰਤ ਰਾਏ ਸਾਹਰੀ ਸਾਹਿਤ ਕਲਾ ਪੁਰਸਕਾਰ ਨਾਲ ਸਨਮਾਨਿਤ





ਸ਼ਾਮ ਚੌਰਾਸੀ ਵਿਖੇ ਬਾਬਾ ਸ਼ਾਮੀ ਦੇ ਦਰਬਾਰ ਤੇ ਹੋਏ 289 ਵੇਂ ਕੌਮਾਂਤਰੀ ਸੰਗੀਤਕ ਸੰਮੇਲਨ ਵਿਚ ਡਾ. ਜਸਵੰਤ ਰਾਏ ਸਾਹਰੀ ਨੂੰ ਸਾਹਿਤ ਕਲਾ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।ਇਸ ਸੰਗੀਤਕ ਸੰਮੇਲਨ ਵਿਚ ਸੈਕੜੇ ਸਾਲਾਂ ਤੋਂ ਵੱਡੇ-ਵੱਡੇ ਫਨਕਾਰ, ਲੇਖਕ ਅਤੇ ਸਮਾਜ ਸੇਵੀ ਸਨਮਾਨਿਤ ਹੁੰਦੇ ਆ ਰਹੇ ਹਨ। ਡਾ. ਜਸਵੰਤ ਰਾਏ ਸਾਹਰੀ ਨੂੰ ਇਹ ਪੁਰਸਕਾਰ ਉਹਨਾਂ ਦੀ ਅਮਰੀਕਾ ਵਿਚ ਦੇਸ਼ ਦੁ-ਆਬਾ ਪ੍ਰਕਾਸ਼ਨ ਵਲੋਂ ਛਾਪੀ ਪੁਸਤਕ 'ਕਥਾਵਾਂ ਬਿਸਤ ਦੁਆਬ ਦੀਆਂ' ਵਿਚ ਦੁਆਬੇ ਦੇ ਲੋਕ ਵਿਰਸੇ ਨੂੰ ਸਾਂਭਣ ਅਤੇ ਉਹਨਾਂ ਦੀ ਪੇਸ਼ਕਾਰੀ ਵਜੋਂ ਦਿੱਤਾ ਗਿਆ। ਡਾ. ਜਸਵੰਤ ਰਾਏ ਨੇ ਦੁਆਬੇ ਦੇ ਖੇਤਰੀ ਲੋਕ ਕਥਾ ਖੋਜ ਕਾਰਜ ਵਿਚ ਪੀ. ਐੱਚ. ਡੀ. ਕੀਤੀ ਹੈ।ਸਨਮਾਨ ਕਰਨ ਵਿਚ ਦਰਬਾਰ ਕਮੇਟੀ ਦੇ ਪ੍ਰਧਾਨ ਬਾਬਾ ਪ੍ਰਿਥੀ ਸਿੰਘ ਬਾਲੀ, ਸਕੱਤਰ ਤਰਲੋਚਨ ਲੋਚੀ, ਖ਼ਜ਼ਾਨਚੀ ਲਾਲ ਚੰਦ ਵਿਰਦੀ ਅਤੇ ਲੰਬੜਦਾਰ ਜਰਨੈਲ ਸਿੰਘ ਸ਼ਾਮਿਲ ਸਨ।ਸਾਰੇ ਪ੍ਰੋਗ੍ਰਾਮ ਦੌਰਾਨ ਸਟੇਜ ਦੀ ਜਿੰਮੇਵਾਰੀ ਕੁਲਦੀਪ ਚੂੰਬਰ ਨੇ ਸ਼ਾਇਰਾਨਾ ਅੰਦਾਜ਼ ੇਵਚ ਬਾਖੂਬੀ ਢੰਗ ਨਾਲ ਨਿਭਾਈ।



ਇਸ ਸੰਗੀਤਕ ਮਹਿਫਲ ਵਿਚ ਮੈਂਬਰ ਪਾਰਲੀਮੈਂਟ ਸ਼੍ਰੀ ਵਿਜੇ ਸਾਂਪਲਾ ਨੇ ਹਾਜ਼ਰੀ ਭਰੀ ਅਤੇ ਇਸ ਵਿਸ਼ਾਲ ੳਰਸ ਦੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ। ਸਜਾਈ ਗਈ ਸੰਗੀਤਕ ਮਹਿਫਲ ਵਿਚ ਪ੍ਰੋਗ੍ਰਾਮ ਦਾ ਆਗਾਜ਼ ਅਮਿਤ ਅਨਵਰ ਨੇ ਸੂਫੀ ਅੰਦਾਜ਼ ਵਿਚ ਕੀਤਾ।ਇਸ ਉਪਰੰਤ ਜੋਗੀ ਸਿਤਾਰਾ, ਸੁਰਿੰਦਰ ਟੀਮੂ ਤੇ ਧਰਮਾ ਕਵਾਲ ਗਵਾਲੀਅਰ, ਸੁਰੰਦਰ ਬੰਗਾ, ਮੀਨੂੰ ਅਟਵਾਲ, ਸੁਰਮਨਦੀਪ, ਨਾਨਕ ਅਲੀ, ਸ਼ਕੀਲ ਰਸ਼ੀਦ ਸਾਬਰੀ, ਰਾਜੇਸ਼, ਨੇਹਾ ਡੋਗਰਾ, ਤਾਹਰ ਮੁਜ਼ੱਫਰ ਨਗਰ, ਪ੍ਰੋ. ਅਮਨ, ਲਵਦੀਪ ਲੱਕੀ, ਐਮ, ਐਸ. ਵਜੀਦਪੁਰੀ, ਸ਼ੌਕਤ ਅਲੀ ਦੀਵਾਨਾ, ਸੂਫੀ ਸਿਕੰਦਰ, ਬਲਵਿੰਦਰ ਬਿੱਟੂ, ਮਾਨ ਸ਼ਾਮ ਚੌਰਾਸੀ, ਸੋਨੀਆ ਬਾਵਾ, ਉਂਕਾਰ ਜੱਸੀ, ਬਲਵਿੰਦਰ ਮੱਤੇਵਾੜੀਆ, ਜੋਗੀ ਸਿਤਾਰਾ ਅਤੇ ਹਜ਼ਾਰਾਂ ਦੀ ਤਾਦਾਦ ਵਿਚ ਸੰਗਤਾਂ ਹਾਜ਼ਰ ਸਨ।

# ਪੰਜਾਬੀਆਂ ਦੀਆਂ ਨਜ਼ਰਾਂ 'ਚ ਪੂਨਾ ਪੈਕਟ

## 24 ਸਤੰਬਰ 1932 ਨੂੰ ਯਾਦ ਕਰਦਿਆਂ

1. ਅਸਲ 'ਚ ਸਵਾਲ, ਗਾਂਧੀ ਜੀ ਦੇ ਮਰਨ ਜੀਵਨ ਦਾ ਹੀ ਨਹੀਂ ਸੀ ਸਗੋਂ ਡਾ: ਸਾਹਿਬ ਦੀ ਜ਼ਿੰਦਗੀ ਮੌਤ ਦਾ ਵੀ ਸੀ। ਅਗਰ ਬਾਬਾ ਸਾਹਿਬ ਆਪਣੀ ਸੰਘਰਸ਼ ਨਾਲ ਪ੍ਰਾਪਤ ਕੀਤੀ ਮੰਗ ਤੇ ਅੜੇ ਰਹਿੰਦੇ ਤਾਂ ਅੱਜ ਹਿੰਦੂ ਲੋਕ, ਉਹਨਾਂ ਦਾ ਨਾਂ ਤੱਕ ਸੁਣਨਾ ਵੀ ਗਵਾਰਾ ਨਾ ਕਰਦੇ।

**– ਵੈਦ ਗੁਰਸ਼ਰਨ ਦਾਸ, ਨਵਾਂ ਸ਼ਹਿਰ**

2. ਅਗਰ ਵੱਖਰੇ ਚੋਣ ਅਧਿਕਾਰ ਦੀ ਵਿਵਸਥਾ ਨਹੀਂ ਕਰਨੀ ਤਾਂ ਪ੍ਰੋਪੋਰਸ਼ਨਲ ਰੀਪਰੈਜ਼ੈਂਟੇਸ਼ਨ (ਅਨੁਪਾਤਕ ਪ੍ਰਤੀਨਿਧਤਾ) ਦੀ ਵਿਵਸਥਾ ਜ਼ਰੂਰੀ ਹੋਵੇ ਤਾਂ ਹੀ ਦਲਿਤਾਂ ਲਈ ਰਾਹਤ ਦਾ ਕੋਈ ਰਸਤਾ ਨਿਕਲ ਸਕਦਾ ਹੈ। ਇਸ ਪ੍ਰਣਾਲੀ ਤੋਂ ਭਾਵ ਇਹ ਹੈ ਕਿ ਮੰਨ ਲਓ ਇਕ ਲੱਖ ਵੋਟਰਾਂ ਲਈ ਇਕ ਐਮ ਐਲ ਏ ਚੁਣਨ ਦਾ ਪ੍ਰਬੰਧ ਹੈ ਅਤੇ ਕਿਸੇ ਪਾਰਟੀ ਨੂੰ ਕੁੱਲ ਦਸ ਲੱਖ ਵੋਟ ਪੈਂਦੇ ਹਨ, ਇਸ ਤਰ੍ਹਾਂ ਉਸ ਪਾਰਟੀ ਦੇ ਦਸ ਮੈਂਬਰ ਅਸੈਂਬਲੀ ਵਿਚ ਜ਼ਰੂਰ ਲਏ ਜਾਣ।

**– ਕੈਪਟਨ ਭਾਗੂ ਰਾਮ, ਪਿੰਡ ਹੀਉਂ (ਜਲੰਧਰ)**

3. ਪੂਨਾ ਪੈਕਟ ਸਮੇਂ ਵਿਸ਼ੇਸ਼ ਹਲਚਲ, ਉਤਰ ਪ੍ਰਦੇਸ਼ 'ਚ ਦੇਖਣ ਨੂੰ ਆਈ ਜਿੱਥੇ ''ਪੂਨਾ ਪੈਕਟ ਕਾ ਜਨਾਜ਼ਾ'' ਪੈਂਫਲਿਟ ਵੰਡਿਆ ਗਿਆ। ਪੂਨਾ ਪੈਕਟ ਦੁਆਰਾ ਦਿੱਤੇ ਚੋਣ ਸਿਸਟਮ ਦੀ ਬਦੌਲਤ ਹੀ, ਸ਼ਡੂਲਡ ਕਾਸਟਸ ਫੈਡਰੇਸ਼ਨ ਅਤੇ ਆਦਿ-ਧਰਮ ਲਹਿਰ ਦੇ ਆਗੂ, ਕਾਂਗਰਸ ਵਿਚ ਸ਼ਾਮਲ ਹੋ ਗਏ। ਅਗਰ ਵੱਖਰੀ ਚੋਣ ਪ੍ਰਣਾਲੀ ਦਾ ਹੱਕ ਸਾਨੂੰ ਪ੍ਰਾਪਤ ਰਹਿੰਦਾ ਤਾਂ ਅਜਿਹੀ ਸੰਭਾਵਨਾ ਨਹੀਂ ਸੀ ਕਿ ਏਦਾਂ ਦਰ-ਬ-ਦਰ ਨੱਸੇ ਫਿਰਦੇ।

**– ਬਾਬੂ ਸੰਗੂ ਰਾਮ, ਪਿੰਡ ਰਾਇਪੁਰ ਡੱਬਾ (ਜਲੰਧਰ)**

5. ਡਾਕਟਰ ਅੰਬੇਦਕਰ, ਇਕ ਕਾਬਲੇ-ਤਾਰੀਫ ਲੀਡਰ ਅਤੇ ਸ਼ੇਰੇ-ਮਰਦ ਹਸਤੀ ਸਨ ਪਰ ਇਸ ਗੱਲ ਦਾ ਡਾਢਾ ਦੁੱਖ ਹੈ ਕਿ ਕਸਤੂਰਬਾ ਦੇ ਵਾਸਤੇ ਸੁਣ ਕੇ, ਉਹਨਾਂ ਪੂਨਾ ਪੈਕਟ ਤੇ ਦਸਤਖਤ ਕੀਤੇ। ਪੂਨਾ ਪੈਕਟ ਨਾਲ ਅਸੀਂ ਬੇਵੱਸ ਹੋ ਕੇ ਰਹਿ ਗਏ।

**– ਕਵੀ ਮੰਗੂ ਰਾਮ ਜੀ, ਬਾਹੜੇ ਵਾਲ (ਬੰਗਾ)**

6. ਗੋਲਮੇਜ਼ ਕਾਨਫਰੰਸਾਂ ਅਤੇ ਪੂਨਾ ਪੈਕਟ ਸਮੇਂ ਸਾਡੇ ਲੋਕਾਂ ਵਿਚ ਬੇਸ਼ੁਮਾਰ ਕੌਮੀ ਉਤਸ਼ਾਹ ਸੀ। ਉਸ ਵੇਲੇ ''ਖਾਲੀ ਗਾਂਧੀ ਨੂੰ ਲੰਡਨੋਂ ਮੋੜ ਦਿੱਤਾ'' ਜਿਹੀਆਂ ਕਵਿਤਾਵਾਂ ਸਟੇਜਾਂ ਦਾ ਸ਼ਿੰਗਾਰ ਹੁੰਦੀਆਂ ਸਨ। ਕਮਿਊਨਲ ਐਵਾਰਡ ਵੇਲੇ ਥਾਂ ਥਾਂ ਖੁਸ਼ੀ ਵਿਚ ਮੁਜ਼ਾਹਰੇ ਕੀਤੇ ਗਏ। ਪੂਨਾ ਪੈਕਟ ਨੂੰ ਮੰਨਣ ਤੋਂ ਸਿਵਾ ਬਾਬਾ ਸਾਹਿਬ ਕੋਲ ਕੋਈ ਚਾਰਾ ਨਹੀਂ ਸੀ। ਕਿਉਂਕਿ ਸਾਡੇ ਵਿਚੋਂ ਹੀ ਕੁਝ ਝੋਲੀ ਚੁੱਕ, ਹਿੰਦੂਆਂ ਦੀ ਬੋਲੀ ਬੋਲ ਕੇ, ਵਾਤਾਵਰਣ ਨੂੰ ਹੋਰ ਜ਼ਹਿਰੀਲਾ ਬਣਾ ਰਹੇ ਸਨ। ਜੇਕਰ ਪੂਨਾ ਪੈਕਟ ਨਾ ਹੁੰਦਾ ਤਾਂ ਅਸੀਂ ਵੀ, ਮੁਸਲਮਾਨਾਂ ਅਤੇ ਸਿੱਖਾਂ ਵਾਂਗ ਇੱਕਮੁਠ ਰਹਿੰਦੇ, ਸਾਡੀ ਏਕਤਾ ਹੁਣ ਵਾਂਗ ਖੇਰੂ-ਖੇਰੂ ਨਾ ਹੁੰਦੀ।

**– ਲੋਕ ਕਵੀ ਗੁਰਦਾਸ ਰਾਮ ਆਲਮ**

7. 24 ਅਕਤੂਬਰ 1931 ਨੂੰ ਆਕਸਫੋਰਡ ਵਿਖੇ ਭਾਰਤੀ ਵਿਦਿਆਰਥੀਆਂ ਸਾਹਮਣੇ ਭਾਸ਼ਣ ਦਿੰਦਿਆਂ ਗਾਂਧੀ ਜੀ ਨੇ ਕਿਹਾ, ''ਮੈਂ ਅਛੂਤਾਂ ਨੂੰ ਅਲੱਗ ਅਧਿਕਾਰ ਦੇਣ ਦੇ ਇਸ ਲਈ ਵਿਰੁੱਧ ਹਾਂ ਕਿ ਉਹਨਾਂ ਵਿਚਕਾਰ ਪਾੜਾ ਹੋਰ ਵਧੇਗਾ ਅਤੇ ਸਵਰਨ ਹਿੰਦੂ, ਅਛੂਤਾਂ ਦਾ ਜੀਣਾ ਹਰਾਮ ਕਰ ਦੇਣਗੇ।'' ਕੀ ਗਾਂਧੀ ਜੀ ਦੀ ਇਸ ਦਲੀਲ ਵਿਚ ਕੋਈ ਵਜ਼ਨ ਸੀ?

ਪੂਨਾ ਪੈਕਟ ਦੇ ਦਿਲਾਂ ਵਿਚ ਹਿੰਦੂ ਜਾਣ ਬੁੱਝ ਕੇ ਖਤਰਨਾਕ ਪ੍ਰਚਾਰ ਕਰ ਰਹੇ ਸਨ, ਜਿਵੇਂ ਰੋਜ਼ਾਨਾ ਪ੍ਰਤਾਪ ਨੇ 25 ਸਤੰਬਰ 1932 ਨੂੰ ਲਿਖਿਆ, ''ਗਾਂਧੀ ਜੀ ਦੀ ਮੌਤ, ਵਿਰੋਧੀਆਂ ਲਈ ਸੁੱਖ ਦਾ ਸਾਹ ਨਹੀਂ ਸਗੋਂ ਮੁਸੀਬਤ ਦਾ ਕਾਰਨ ਬਣੇਗੀ।''

ਏਥੇ ਸਾਨੂੰ ਇਕ ਗੱਲ ਨੋਟ ਕਰਨੀ ਚਾਹੀਦੀ ਹੈ। ਜਿਵੇਂ ਹਿੰਦੂ, ਗਾਂਧੀ ਜੀ ਪਿੱਛੇ ਇੱਕਮੁਠ ਹੋਏ ਪਏ ਸਨ, ਜੇ ਅਸੀਂ ਵੀ ਆਪਣੇ ਰਹਿਬਰ ਦੇ ਨਾਲ ਇੱਕ ਮੁੱਠ ਹੋ ਕੇ ਖੜ੍ਹੇ ਹੋ ਦਾ ਸਬੂਤ ਦਿੰਦੇ ਤਾਂ ਗਾਂਧੀ ਜੀ, ਨਾ ਤਾਂ ਕਦੇ ਮਰਨ ਵਰਤ ਰੱਖਣ ਦਾ ਫੈਸਲਾ ਕਰਦੇ ਤੇ ਨਾ ਹੀ ਮੇਰੇ ਮੁਕਤੀਦਾਤਾ ਆਪਣੇ ਦ੍ਰਿੜ੍ਹ ਇਰਾਦਿਆਂ 'ਚ ਕੋਈ ਢਿੱਲ ਲਿਆਉਂਦੇ।

**– ਚਰਨ ਦਾਸ ਨਿਧੜਕ**

8. ਪੂਨਾ ਪੈਕਟ, ਪੰਜਾਬ ਪ੍ਰਾਂਤ ਲਈ ਵਿਸ਼ੇਸ਼ ਕਰਕੇ ਲਾਹੇਵੰਦ



ਸੀ। ਕਮਿਊਨਲ ਐਵਾਰਡ ਵਿਚ ਪੰਜਾਬ ਦੇ ਦਲਿਤਾਂ ਨੂੰ ਇਕ ਵੀ ਸੀਟ ਅਲਾਟ ਨਹੀਂ ਸੀ। ਅਜਿਹਾ ਖਾਸ ਕਰਕੇ ਆਰੀਆ ਸਮਾਜੀਆਂ, ਜਿਹਾਂ ਦਾ ਸਾਡੇ ਆਪਣੇ ਕੁਝ ਲੋਕਾਂ ਨੇ ਵੀ ਸਾਥ ਦਿੱਤਾ, ਵੱਲੋਂ ਕੀਤੇ ਗਏ ਝੂਠੇ ਪ੍ਰਚਾਰ ਨਾਲ ਹੋਇਆ ਪਰਚਾਰ ਇਹ ਕੀਤਾ ਗਿਆ ਕਿ ਸਾਡੇ ਵਿਚ ਕੋਈ ਵੀ ਅਛੂਤ ਨਹੀਂ। ਪੂਨਾ ਪੈਕਟ ਨੇ ਪੰਜਾਬ ਵਿਚ ਅਛੂਤਾਂ ਦੀ ਹੋਂਦ ਨੂੰ ਮੰਨ ਕੇ, ਉਹਨਾਂ ਲਈ ਅੱਠ ਸੀਟਾਂ ਅਲਾਟ ਕੀਤੀਆਂ। ਇਸ ਤਰ੍ਹਾਂ ਪੰਜਾਬ ਦੇ ਅਛੂਤਾਂ ਨੇ ਸੁੱਖ ਦਾ ਸਾਹ ਲਿਆ।

**– ਆਈ ਡੀ ਪਵਾਰ, ਚੰਡੀਗੜ੍ਹ**

### ਵਿਦਵਾਨਾਂ ਦੀਆਂ ਟਿੱਪਣੀਆਂ

ਪੂਨਾ ਪੈਕਟ ਬਾਰੇ ਕੁਝ ਇਕ ਵਿਦਵਾਨ ਲੇਖਕਾਂ ਦੀਆਂ ਟਿੱਪਣੀਆਂ, ਉਹਨਾਂ ਦੁਆਰਾ ਲਿਖਤ ਕਿਤਾਬਾਂ ਵਿਚੋਂ ਧੰਨਵਾਦ ਸਹਿਤ ਦੇ ਰਹੇ ਹਾਂ:-

1. ਇਹ ਸਮਝੌਤਾ, ਸਾਰੇ ਦੇਸ਼ ਅਤੇ ਦੁਨੀਆਂ ਭਰ ਵਿਚ ਚਰਚਿਤ ਹੋ ਗਿਆ, ਇਸਨੇ ਇਕ ਵਾਰੀ ਫਿਰ ਸਾਬਤ ਕਰ ਦਿੱਤਾ ਕਿ ਜਿਸ ਅੰਬੇਦਕਰ ਨੂੰ ਕਾਂਗਰਸੀ ਆਗੂ ਅਤੇ ਹਿੰਦੁਸਤਾਨੀ ਪ੍ਰੈਸ, ਦਲਿਤਾਂ ਦਾ ਰਹਿਨੁਮਾ ਨਹੀਂ ਮੰਨਦੇ ਸਨ, ਅਸਲ ਵਿਚ ਦੇਸ਼ ਦੇ ਸਾਰੇ ਦਲਿਤਾਂ ਦਾ ਉਹ ਹੀ ਇਕ ਮੰਨਿਆ ਪ੍ਰਮੰਨਿਆ ਰਹਿਬਰ ਹੈ।

**– ਧਾਨੰਜੇ ਕੀਰ**

2. ਪੂਨਾ ਪੈਕਟ ਦਾ ਪਹਿਲਾ ਸਿੱਟਾ ਇਹ ਨਿਕਲਿਆ ਕਿ ਪੂਰੇ ਮੁਲਕ ਦਾ ਧਿਆਨ, ਇਸ ਵੱਲ ਖਿੱਚਿਆ ਗਿਆ।

ਦੂਜਾ, ਦੋਹਾਂ ਧਿਰਾਂ ਨੂੰ ਕੁਝ ਨਾ ਕੁਝ ਗੁਆਉਣਾ ਪਿਆ।

ਤੀਜਾ, ਗਾਂਧੀ ਜੀ ਅੰਦਰਲੇ ਰਾਜਨੀਤਿਕ ਨੇ ਜਦੋਂ ਚਾਹਿਆ, ਸਧਾਰਨ ਤੋਂ ਸਧਾਰਨ ਮਾਮਲਿਆਂ ਨੂੰ ਗੁੰਝਲਦਾਰ ਬਣਾ ਕੇ ਰੱਖ ਦਿੱਤਾ।

ਚੌਥਾ, ਦਲਿਤਾਂ ਦੀ ਸਮੱਸਿਆ, ਮੁਲਕ ਭਰ ਵਿਚ ਉਭਰ ਕੇ ਸਾਹਮਣੇ ਆਈ ਅਤੇ ਅਖੌਤੀ ਉੱਚ ਜਾਤੀ ਹਿੰਦੂ, ਦਲਿਤਾਂ ਦੀ ਹੋਣੀ ਪ੍ਰਤੀ ਸੋਚਣ ਲਈ ਨੈਤਿਕ ਤੌਰ ਤੇ ਮਜਬੂਰ ਹੋ ਗਏ।

**– ਡਾ: ਡੀ ਆਰ ਜਾਟਵ**

4. ਪੂਨਾ ਪੈਕਟ ਪ੍ਰਤੀ ਡਾ: ਅੰਬੇਦਕਰ ਦੀ ਟਿੱਪਣੀ ਸੀ, ਕਮਿਊਨਲ ਐਵਾਰਡ ਦੁਆਰਾ ਦਿੱਤੀ ਦੂਹਰੀ ਵੋਟ ਅਣਮੋਲ ਹੱਕ ਸੀ। ਕੋਈ ਵੀ ਅਖੌਤੀ ਉੱਚ ਜਾਤੀ ਉਮੀਦਵਾਰ ਆਪਣੇ ਹਲਕੇ ਦੇ ਦਲਿਤਾਂ ਦੇ ਖਿਲਾਫ ਨਹੀਂ ਜਾ ਸਕਦਾ ਸੀ ਜੇ ਉਸ ਨੂੰ ਅਛੂਤਾਂ ਦੀਆਂ ਵੋਟਾਂ ਤੇ ਨਿਰਭਰ ਰਹਿਣਾ ਪੈਂਦਾ।

22-7-1946 ਦੀ ਟਾਈਮਜ਼ ਆਫ ਇੰਡੀਆ ਵਿਚ ਛਪੀ ਇਕ ਇੰਟਰਵਿਊ ਵਿਚ ਬਾਬਾ ਸਾਹਿਬ ਨੇ ਕਿਹਾ, ''ਪੂਨਾ ਪੈਕਟ ਖਤਮ ਹੋਣਾ ਚਾਹੀਦਾ ਹੈ। ਇਸਨੇ ਇਕ ਤਰ੍ਹਾਂ ਨਾਲ ਅਛੂਤਾਂ ਨੂੰ ਵੋਟ ਦੇ ਹੱਕ ਤੋਂ ਵਿਰਵੇ ਕਰ ਦਿੱਤਾ ਹੈ। ਅੰਤਰ- ਰਾਸ਼ਟਰੀ ਕਾਨੂੰਨ ਅਨੁਸਾਰ ਕੋਈ ਵੀ ਸਮਝੌਤਾ ਸਦੀਵੀ ਜਾਂ ਅੰਤਿਮ ਨਹੀਂ ਹੁੰਦਾ।''

22 ਸਤੰਬਰ 1953 ਨੂੰ ਰਾਜ ਸਭਾ ਵਿਚ ਅੰਬੇਦਕਰ ਨੇ ਮੰਨਿਆ ਕਿ ਉਹਨਾਂ ਪੂਨਾ ਪੈਕਟ ਤੇ ਦਸਤਖਤ ਇਸ ਲਈ ਕੀਤੇ ਕਿਉਂਕਿ ਇਸ ਤੋਂ ਵੱਧ ਹੋਰ ਕੁਝ ਪ੍ਰਾਪਤ ਕਰਨਾ ਸੰਭਵ ਹੀ ਨਹੀਂ ਸੀ। ਉਹਨਾਂ ਅਨੁਸਾਰ, ਪੂਨਾ ਪੈਕਟ ਨੇ ਦਲਿਤਾਂ ਦੀਆਂ ਆਤਮ-ਨਿਰਭਰਤਾ ਨੂੰ ਸਮਰਪਿਤ ਲਹਿਰਾਂ ਨੂੰ ਕਰੜੀ ਸੱਟ ਮਾਰੀ।

ਡਾ: ਅੰਬੇਦਕਰ ਅਨੁਸਾਰ, ਇਕ ਸਾਜ਼ਿਸ਼ ਤਹਿਤ ਪੂਨਾ ਪੈਕਟ ਨੂੰ ਇਸ ਤਰ੍ਹਾਂ ਦਾ ਕਰ ਦਿੱਤਾ ਗਿਆ ਕਿ ਇਹ ਦਲਿਤਾਂ ਲਈ ਫਾਇਦੇਮੰਦ ਰਹੇ ਹੀ ਨਾ। ਕਾਂਗਰਸ ਨੇ ਦਲਿਤਾਂ ਲਈ ਰਾਖਵੀਆਂ ਸੀਟਾਂ ਤੇ ਝੂਠੇ ਮੂਠੇ ਬੰਦੇ ਖੜ੍ਹੇ ਕਰ ਦਿੱਤੇ ਭਾਵੇਂ ਕਿ ਪੂਨਾ ਪੈਕਟ ਵਿਚ ਇਸ ਤਰ੍ਹਾਂ ਨਾ ਕੀਤੇ ਜਾਣ ਦੇ ਵਾਅਦੇ ਕੀਤੇ ਗਏ ਸਨ।

**– ਡਬਲਿਊ ਐਨ ਕੁਬੇਰ**

5. ਪੂਨਾ ਪੈਕਟ ਬਾਰੇ ਮਿਲਿਆ ਜੁਲਿਆ ਪ੍ਰਤੀਕਰਮ ਹੋਇਆ। ਕਈ ਇਸਨੂੰ ਦਲਿਤਾਂ ਲਈ ਲਾਹੇਵੰਦਾ ਕਹਿੰਦੇ ਰਹਿੰਦੇ ਸਨ ਕਈ ਨੁਕਸਾਨਦੇਹ। ਅਸਲ ਵਿਚ ਇਸਨੂੰ ਸਮਝੌਤਾ ਕਰਨ ਵਾਲੀਆਂ ਦੋਹਾਂ ਧਿਰਾਂ ਨੇ ਨਾ-ਪਸੰਦ ਕੀਤਾ। ਇਹ ਤਾਂ ਜਿਵੇਂ ਗਾਂਧੀ ਜੀ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨ ਹਿੱਤ ਕੀਤਾ ਗਿਆ ਸੀ। ਇਸ ਤੋਂ ਇਕ ਗੱਲ ਤਾਂ ਸਪਸ਼ਟ ਹੋ ਗਈ ਕਿ ਗਾਂਧੀ ਜੀ ਅਛੂਤਾਂ ਦੇ ਓਪਰੇ ਜਿਹੇ ਨੇਤਾ ਹਨ ਜਦੋਂ ਕਿ ਡਾ: ਅੰਬੇਦਕਰ ਦਲਿਤਾਂ ਦੇ ਕੁਦਰਤੀ ਅਤੇ ਅਸਲ ਰਹਿਬਰ ਹਨ।

**– ਡਾ. ਏ ਐਸ ਰਾਜਾਸੇਖੜੀਆ**

6. ਪੂਨਾ ਪੈਕਟ ਨਾਲ ਗਾਂਧੀ ਜੀ ਦੀ ਜਾਨ ਬਚ ਗਈ। ਸਮਝੌਤੇ ਵਿਚਲੇ ਵਾਅਦੇ ਅਨੁਸਾਰ ਗਾਂਧੀ ਜੀ ਨੇ ਦਲਿਤਾਂ ਦੇ ਕਲਿਆਣ ਲਈ ਅੰਦੋਲਨ ਸ਼ੁਰੂ ਕੀਤਾ। ਛੂਤ- ਛਾਤ ਦੇ ਖਾਤਮੇ ਲਈ ਬੜੇ ਮਨਮੋਹਕ ਸੁਝਾਅ ਅਤੇ ਸੁਗੰਧਾਂ ਸਾਹਮਣੇ ਆਈਆਂ।

ਪਰ ਇਸ ਵਿਚ ਰੱਤੀ ਭਰ ਵੀ ਸ਼ੱਕ ਨਹੀਂ ਕਿ ਇਹ ਸਭ ਦਿਖਾਵਾ ਮਾਤਰ ਸੀ। ਅਸਲ ਵਿਚ ਪੂਨਾ ਪੈਕਟ ਡਾ: ਅੰਬੇਦਕਰ ਦੀ ਖੁੱਲ੍ਹਦਿਲੀ ਅਤੇ ਉਹਨਾਂ ਦੇ ਇਨਸਾਨੀ ਜਜ਼ਬਿਆਂ ਨਾਲ ਓਤਪ੍ਰੋਤ ਦਿਲ ਦਿਮਾਗ ਦਾ ਪ੍ਰਤੀਕਰਮ ਸੀ।

**– ਸ੍ਰੀ ਸੋਹਣ ਲਾਲ ਸ਼ਾਸਤਰੀ**

7. ਪੂਨਾ ਪੈਕਟ ਬਾਹਮਣਵਾਦੀ ਸਾਜ਼ਿਸ਼ ਦਾ ਸਿੱਟਾ ਸੀ। ਬਾਬਾ ਸਾਹਿਬ ਦੇ ਇਨਸਾਨੀਅਤ ਭਰਪੂਰ ਜਜ਼ਬੇ ਨੂੰ ਉਹਨਾਂ ਦੀ ਕਮਜ਼ੋਰੀ ਸਮਝ ਲਿਆ ਗਿਆ। ਬਾਬਾ ਸਾਹਿਬ ਨੇ ਹਿੰਦੂਆਂ ਨੂੰ ਇਕ ਮੌਕਾ ਦਿੱਤਾ ਕਿ ਉਹ ਆਪਣਾ ਮਨ ਅਤੇ ਸੋਚਣੀ ਤਬਦੀਲ ਕਰ ਲੈਣ, ਪਰ ਅਫਸੋਸ, ਅਜਿਹਾ ਹੋਇਆ ਨਹੀਂ।

**– ਸ਼ੰਕਰਾਨੰਦ ਸ਼ਾਸਤਰੀ**

8. ਪੂਨਾ ਪੈਕਟ ਦੇ ਵਾਦ-ਵਿਵਾਦ ਮੌਕੇ, ਬਾਬਾ ਸਾਹਿਬ ਨੇ ਅਦਭੁਤ ਦ੍ਰਿੜ੍ਹਤਾ ਤੋਂ ਕੰਮ ਲਿਆ। ਇਕ ਪਾਸੇ ਤਾਂ ਉਹ ਇਕੱਲੇ ਸਨ ਪਰ ਦੂਜੇ ਪਾਸੇ ਦੇਸ਼ ਦੇ ਸਾਰੇ ਨੇਤਾ ਅਤੇ ਉਪਰੋਂ ਗਾਂਧੀ ਜੀ ਮਰਨ ਵਰਤ ਰੱਖੀ ਬੈਠੇ ਸਨ। ਇਸ ਤਰ੍ਹਾਂ ਦੀ ਨਾਜ਼ੁਕ ਸਥਿਤੀ ਵਿਚ ਵੀ ਅੰਬੇਦਕਰ ਨੇ ਝੁਕ ਕੇ ਜਾਂ ਗਿਰ ਕੇ ਸਮਝੌਤਾ ਨਹੀਂ ਕੀਤਾ।

**– ਵਿਜੇ ਕੁਮਾਰ ਪੁਜਾਰੀ**

9. ਗੋਲਮੇਜ਼ ਕਾਨਫਰੰਸ ਦੀ ਕਾਰਵਾਈ ਤੋਂ ਪਤਾ ਲੱਗਦਾ ਹੈ ਕਿ ਗਾਂਧੀ ਜੀ ਦਲਿਤਾਂ ਲਈ ਕਿਸੇ ਵੀ ਤਰ੍ਹਾਂ ਦੀ ਰਿਜ਼ਰਵੇਸ਼ਨ ਦੇ ਖਿਲਾਫ ਸਨ। ਪ੍ਰੰਤੂ ਪੂਨਾ ਪੈਕਟ ਵਿਚ ਉਹ ਰਾਖਵੇਂਕਰਨ ਲਈ ਰਜ਼ਾਮੰਦ ਹੋ ਗਏ।

ਸਪਸ਼ਟ ਹੈ ਕਿ ਗਾਂਧੀ ਜੀ, ਅੰਬੇਦਕਰ ਤੋਂ ਮਾਤ ਖਾ ਗਏ ਅਤੇ ਉਹਨਾਂ ਨੂੰ ਅਛੂਤਾਂ ਦੇ ਰਾਜਨੀਤਿਕ ਅਧਿਕਾਰਾਂ ਨੂੰ ਮਾਨਤਾ ਦੇਣੀ ਹੀ ਪਈ।

**– ਦੀਵਾਨ ਚੰਦ ਆਹੀਰ**

10. ਗਾਂਧੀ ਜੀ, ਅੰਬੇਦਕਰ ਨਾਲ ਬਹਿਸ ਮੁਬਾਹਿਸਾ ਕਰਨ ਤੋਂ ਹਮੇਸ਼ਾ ਕਤਰਾਉਂਦੇ ਸਨ। ਈਸ਼ਵਰ ਇੱਛਾ ਅਤੇ ਆਪਣੇ ਮੰਦੇ ਭਾਗਾਂ ਦੀ ਦੁਹਾਈ ਦੇ ਕੇ ਉਹ ਬਾਬਾ ਸਾਹਿਬ ਦੇ ਪ੍ਰਸ਼ਨਾਂ ਨੂੰ ਟਾਲ ਜਾਂਦੇ ਸਨ।

**– ਡਾ: ਰਾਜੇਂਦਰ ਮੋਹਨ ਭਟਨਾਗਰ**

**(ਪੂਨਾ ਪੈਕਟ ਦੀ ਰਾਜਨੀਤੀ ਸੋਹਣ ਸਹਿਜਲ ਦੇ ਧੰਨਵਾਦ ਸਹਿਤ)**

# ਡਾ.ਅੰਬੇਡਕਰ ਅਤੇ ਗਾਂਧੀ ਜੀ ਵਿਚਾਲੇ ਸਮਝੌਤੇ ਨਾਲ ਹੋ ਗਿਆ ਪੂਨਾ ਪੈਕਟ 24 ਸਤੰਬਰ 1932



**ਬਲਬੀਰ ਮਾਧੋਪੁਰੀ**
**91-93505-48100**

ਪੂਨਾ ਪੈਕੇਟ ਦਾ ਪੰਜਾਬੀ ਰੂਪ ਹੇਠ ਲਿਖੇ ਅਨੁਸਾਰ ਹੈ :

1) ਆਮ ਚੋਣ ਹਲਕਿਆਂ ਵਿਚੋਂ ਪਛੜੀਆਂ -ਸ੍ਰੇਣੀਆਂ (ਅਛੂਤਾਂ) ਵਾਸਤੇ ਪ੍ਰਦੇਸਕ ਵਿਧਾਨ ਸਭਾਵਾਂ ਵਿਚ ਸੀਟਾਂ ਰਿ}ਰਵ ਹੋਣਗੀਆਂ ਜੋ ਇਸ ਤਰ੍ਹਾਂ ਹੋਣਗੀਆਂ :

ਮਦਰਾਸ - 30,
ਬੰਬਈ ਤੇ ਸਿੰਧ - 15
ਪੰਜਾਬ - 8
ਬਿਹਾਰ ਤੇ ਉੜੀਸਾ - 18
ਕੇਂਦਰੀ ਸੂਬੇ (ਸੈਂਟਰ ਪ੍ਰੋਵਿੰਸੇਸ) - 20
ਅਸਮ - 7
ਬੰਗਾਲ - 30
ਯੂਨਾਈਟਡ ਪ੍ਰੋਵਿੰਸੇਸ - 20
ਕੁੱਲ - 148

ਇਹ ਅੰਕੜੇ (ਹਿੰਦੋਸਤਾਨੀ ਮਾਮਲਿਆਂ ਦੇ) ਪ੍ਰਧਾਨ ਮੰਤਰੀ ਦੇ ਫੈਸਲੇ ਵਿਚ ਐਲਾਨੇ ਪ੍ਰਾਂਤਕ ਪਰਿਸ਼ਦਾਂ ਦੀ ਕੁੱਲ ਗਿਣਤੀ ਦੇ ਆਧਾਰ ਉਤੇ ਦਿਤੇ ਗਏ ਹਨ।

2) ਇਨ੍ਹਾਂ ਸੀਟਾਂ ਵਾਸਤੇ ਚੋਣਾਂ ਨਿਮਨ ਲਿਖਤ ਵਿਧੀ ਅਨੁਸਾਰ ਸਾਂਝੇ ਚੋਣ ਖੇਤਰਾਂ ਰਾਹੀਂ ਹੋਣਗੀਆਂ।

ਕਿਸੇ ਚੋਣ ਹਲਕੇ ਦੇ ਵੋਟਰ ਸੂਚੀ ਵਿਚ ਦਰਜ ਅਛੂਤ ਵੋਟਰ ਇਕਹਿਰੀ ਵੋਟ ਨਾਲ, ਚਾਰ ਅਛੂਤ ਉਮੀਦਵਾਰਾਂ ਦੀ ਮੰਡਲੀ ਚੁਣਨਗੇ। ਇਹੋ ਚਾਰ ਵਿਅਕਤੀ ਜੋ ਪ੍ਰਥਮ (ਪ੍ਰਾਇਮਰੀ) ਚੋਣ ਵਿਚ ਸਭ ਤੋਂ ਵੱਧ ਵੋਟਾਂ ਲੈਣਗੇ, ਚੋਣ ਖੇਤਰ ਵਾਸਤੇ ਉਮੀਦਵਾਰ ਹੋ ਸਕਣਗੇ।

3) ਕੇਂਦਰੀ ਅਤੇ ਪ੍ਰਾਂਤਕ ਵਿਧਾਨ ਸਭਾਵਾਂ ਵਾਸਤੇ ਵੀ ਅਛੂਤਾਂ ਦੇ ਪ੍ਰਤਿਨਿਧੀ ਸਾਂਝੇ ਚੋਣ ਖੇਤਰਾਂ ਦੇ ਅਸੂਲਾਂ ਅਨੁਸਾਰ, ਜਿਵੇਂ ਉਪਰੋਕਤ ਖੰਡ ਵਿਚ ਪ੍ਰਦੇਸ਼ਿਕ ਵਿਧਾਨ ਸਭਾਵਾਂ ਵਾਸਤੇ ਦੱਸਿਆ ਗਿਆ ਹੈ, ਚੁਣੇ ਜਾਣਗੇ।

4) ਕੇਂਦਰੀ ਵਿਧਾਨ ਸਭਾ ਵਿਚ ਬ੍ਰਤਾਨਵੀ ਹਿੰਦੋਸਤਾਨ ਵਾਸਤੇ ਆਮ ਚੋਣ ਖੇਤਰਾਂ ਵਿਚ ਨਿਸਚਤ ਸੀਟਾਂ ਵਿਚੋਂ ਅਛੂਤਾਂ ਵਾਸਤੇ 18 !ਸਦੀ ਸੀਟਾਂ ਰਾਖਵੀਆਂ ਹੋਣਗੀਆਂ।

5) ਕੇਂਦਰੀ ਤੇ ਪ੍ਰਾਂਤਕ ਵਿਧਾਨ ਸਭਾਵਾਂ ਲਈ ਚੋਣ ਵਾਸਤੇ ਉਮੀਦਵਾਰਾਂ ਦੇ ਪੈਨਲ ਲਈ ਪ੍ਰਾਇਮਰੀ (ਪ੍ਰਾਥਮਿਕ) ਚੋਣ ਪ੍ਰਣਾਲੀ, ਜਿਵੇਂ ਕਿ ਇਸ ਵਿਚ ਪਹਿਲਾਂ ਕੀਤਾ ਗਿਆ ਹੈ, ਪਹਿਲੇ ਦਸ ਸਾਲਾਂ ਤੋਂ ਬਾਅਦ, ਜੋ ਹੇਠਾਂ ਦਿਤੇ ਗਏ ਖੰਡ 6 ਦੇ ਪ੍ਰਾਵਧਾਨ ਅਧੀਨ ਆਪਸੀ ਸਹਿਮਤੀ ਨਾਲ ਇਸ ਤੋਂ ਪਹਿਲਾ ਸਮਾਪਤ ਨਾ ਕੀਤੀ ਗਈ ਹੋਵੇ, ਸਮਾਪਤ ਹੋ ਜਾਵੇਗੀ।

6) ਜਿਵੇਂ ਕਿ ਖੰਡ 1 ਅਤੇ 4 ਵਿਚ ਪ੍ਰਾਵਧਾਨ ਕੀਤਾ ਗਿਆ ਹੈ, ਪ੍ਰਾਂਤਕ ਤੇ ਕੇਂਦਰੀ ਵਿਧਾਨ ਸਭਾਵਾਂ ਵਿਚ ਸੀਟਾਂ- ਰਾਖਵੀਆਂ ਕਰ ਕੇ ਪਛੜੀਆਂ -ਸ਼੍ਰੇਣੀਆਂ (ਅਛੂਤਾਂ) ਲਈ ਪ੍ਰਤਿਨਿਧਤਾ ਪ੍ਰਣਾਲੀ, ਜੋ ਸਮਝੌਤੇ ਨਾਲ ਸੰਬੰਧਤ ਸਮੁਦਾਇਆਂ ਵਿਚਾਲੇ ਆਪਸੀ ਸਹਿਮਤੀ ਨਾਲ ਨਿ-ਚਤ ਨਾ ਕੀਤੀ ਗਈ ਹੋਵੇ, ਤਾਂ ਜਾਰੀ ਰਹਿਣਗੀਆਂ।

7) ਅਛੂਤਾਂ ਲਈ ਕੇਂਦਰੀ ਅਤੇ ਪ੍ਰਾਂਤਕ ਵਿਧਾਨ ਸਭਾਵਾਂ ਵਾਸਤੇ ਵੋਟ ਦੇ ਅਧਿਕਾਰ ਲੋਥੀਅਨ ਕਮੇਟੀ ਦੀ ਰਿਪੋਰਟ ਅਨੁਸਾਰ ਹੋਣਗੇ।

8) ਸਥਾਨਕ ਸੰਸਥਾਵਾਂ (ਲੋਕਲ ਬਾਡੀ}) ਲਈ ਚੋਣ ਜਾਂ ਸਰਕਾਰੀ ਸੇਵਾਵਾਂ ਵਿਚ ਨਿਯੁਕਤੀ ਦੇ ਸੰਬੰਧ ਵਿਚ ਕਿਸੇ ਵਿਅਕਤੀ ਦਾ ਪਛੜੀਆਂ -ਸ਼੍ਰੇਣੀਆਂ (ਅਛੂਤਾਂ) ਨਾਲ ਸੰਬੰਧਤ ਹੋਣਾ ਕੋਈ ਅਯੋਗਤਾ ਨਹੀਂ ਹੋਵੇਗੀ। ਸਰਕਾਰੀ ਸੇਵਾਵਾਂ ਵਿਚ ਨਿਯੁਕਤੀ ਲਈ ਜਾਂ ਨਿਰਧਾਰਤ ਵਿੱਦਿਅਕ ਯੋਗਤਾਵਾਂ ਦੇ ਤਹਿਤ ਇਨ੍ਹਾਂ ਦੇ ਸੰਬੰਧ ਵਿਚ ਦਲਿਤ ਵਰਗਾਂ- ਊਚਿਤ ਪ੍ਰਤਿਨਿਧਤਾ ਦੇਣ ਦਾ ਹਰ ਸੰਭਵ ਯਤਨ ਕੀਤਾ ਜਾਵੇਗਾ।

9) ਹਰੇਕ ਪ੍ਰਾਂਤ ਵਿਚ ਵਿੱਦਿਅਕ ਅਨੁਦਾਨ ਵਿਚੋਂ ਪਛੜੀਆਂ ਸ਼੍ਰੇਣੀਆਂ (ਅਛੂਤਾਂ) ਦੇ ਮੈਂਬਰਾਂ ~ ਸਿੱਖਿਆ ਸਹੂਲਤਾਂ ਦਿਤੇ ਜਾਣ ਲਈ ਕਾਫੀ ਮਾਤਰਾ ਵਿਚ ਰਕਮ ਰਾਸ਼ੀ ਨਿਸ਼ਚਤ ਕੀਤੀ ਜਾਵੇਗੀ।

ਮਦਰਾਸ ਸਮੇਤ ਸਾਰੀਆਂ ਪਛੜੀਆਂ-ਸ਼੍ਰੇਣੀਆਂ ਦਾ ਸਮਰਥਨ ਪ੍ਰਾਪਤ ਹੈ। ਅਸੀਂ ਬੇਨਤੀ ਕਰਦੇ ਹਾਂ ਕਿ ਇਸ ਸਮਝੌਤੇ- ਤੁਰੰਤ ਲਾਗੂ ਕੀਤੇ ਜਾਣ ਲਈ ਮੰਨ ਲਿਆ ਜਾਵੇ ਜਿਸ ਨਾਲ ਗਾਂਧੀ ਜੀ ਦਾ ਮਰਨ-ਵਰਤ ਤੋੜਿਆ ਜਾ ਸਕੇ।

ਉਪਰੋਕਤ ਸੂਚਨਾ 24 ਸਤੰਬਰ, 1932 ~ ਇੰਗਲੈਂਡ ਵਿਚ ਹਿ-ੰਦੋਸਤਾਨ ਵਾਸਤੇ ਮੰਤਰੀ ਲਾਰਡ ਚਾਂਸਲਰ ਅਤੇ ਇਰਵਨ ਵਾਇਸਰਾਇ ਅਤੇ ਰੈਮਸੇ ਮੈਕਡੋਨਲਡ ਭੇਜੀ ਗਈ ਸੀ। 25 ਸਤੰਬਰ, 1932 - ਪੰਡਿਤ ਮਦਨ ਮੋਹਨ ਮਾਲਵੀਆ ਅਤੇ ਤੇ ਜ ਬਹਾਦਰ ਸਪਰੂ, ਐਮ.ਆਰ. ਜੈਕਰ ਅਤੇ ਬੀ.ਐਸ.ਮੁੰਜੇ ਨੇ ਹਿੰਦੂਆਂ ਵੱਲੋਂ ਅਤੇ ਅਛੂਤਾਂ ਵੱਲੋਂ ਡਾ. ਅੰਬੇਡਕਰ ਅਤੇ ਉਨ੍ਹਾਂ ਦੇ ਸਾਥੀਆਂ ਐਮ. ਸੀ. ਰਾਜਾ, ਐਮ. ਸ਼ਿਵਤਕਰ, ਪੀ. ਐਨ. ਰਾਜਭੋਜ, ਜੀ.ਏ. ਗਵਈ ਆਦਿ ਨੇ ਦਸਤਖਤ ਕੀਤੇ।

26 ਸਤੰਬਰ 1932 (ਸੋਮਵਾਰ)- ਕੌਂਸਲ ਦੀ ਬੈਠਕ ਵਿਚ ਹੋਮ ਮੈਂਬਰ, ਹਿੰਦ ਸਰਕਾਰ, ਸਰ ਐਚ. ਜੀ. ਹੈਗ ਦੀ ਪ੍ਰਧਾਨਗੀ ਵਿਚ ਸਹਿਮਤੀ ਵਾਲੇ ਸਮਝੌਤੇ ਪੜ੍ਹਿਆ ਗਿਆ ਅਤੇ ਉਸ ਦਾ ਸਮਰਥਨ ਕੀਤਾ ਗਿਆ।

ਇਉਂ ਇਹ ਪੂਨਾ ਪੈਕੇਟ ਭਵਿੱਖ ਦੇ ਭਾਰਤ ਦਾ ਦਸਤਾਵੇ} ਸਰਕਾਰੀ ਮਾਨਤਾ ਪ੍ਰਵਾਨ ਚੜ੍ਹ ਗਿਆ ਅਤੇ ਗੌਰਮਿੰਟ ਆ! ਇੰਡੀਆ ਐਕਟ ਆਫ 1935 ਲਈ ਰਾਹ ਪੱਧਰਾ ਹੋ ਗਿਆ ਸੀ।

# HAPPY TRAVELS AGENCY



Air Lines Ticekts Around The World
Try Us One Time, Specilized in Emergency
We Work With All Major Airlines
For: India, Pakistan, Fiji, Uk, Europe and All Over The World

Email: happytravelsusa@yahoo.com

PHONE: 209-594-8473
E-FAX: 877-623-6177

Harjit (Happy)
Agency Owner
HappyTravels Agency

1743 GRAND CANAL BLVD
12 STOCKTON, CA 95207


# California Will Save Kids' Lives at Schools by mandating the stocking of Epinephrine Auto Injectors



**Sacramento- (Dr Bindra)-** As per press release of Senate Republican Leader Bob Huff, the Senate Bill 1266, was signed into law on 9/15/2014 by California Governor Jerry Brown. Introduced by Sen. Bob Huff on 2/21/2014, it went through 35 steps before reaching the Governor. It will require schools to stockEpinephrine auto injectors on campus, effective-January 1, 2015. The school nurse or a well-trained volunteer teacher or staff will be able to administer this critically important medicine quickly and safely within a few minutes, if a student suffers from a serious anaphylactic allergy reaction during school hours, and save his/her life."SB 1266 will help save lives by ensuring emergency medication is available at schools, especially helping students who don't know they have an allergy," Senator Huff has said.



The press release adds, "This issue recently drew the attention of President Barak Obama, who signed federal legislation that rewards states who require stocking Epinephrine in schools, by giving them possible preferential treatment in the awarding of certain grants (HR 2094 – School Access to Emergency Epinephrine Act). Current California law allows schools to stock epinephrine, but does not require it."

Many organizations and numerous individuals, including, Prof. Onkar S. Bindra, a Sikh educationist, testified before the various committees of the State Assembly and the Senate. He is thankful to the Sikh Sangat, his friends, and their friends, who supported the SB 1266 (Huff) through letters, faxes or phone calls to the Governor's office. Bindra adds that, we should continue supporting SB 1057 (Corbett) -revision of Content Standards for History-Social Science by phone (916-445-2841), fax (916-558-3160) or e-mail (governor@governor.ca.gov


Mikasa HOMES & FUNDING



Rakesh Chander

Mikasa Homes & Funding
1601 S. De Anza Blvd, Suite 118
Cupertino, CA 95014

Rakesh Chander
Realtor

Cell: (916) 698-3808
Fax: (916) 725-5812

Mikasa Homes & Funding
DRE Lic.: 01866732

Email: mchander@comcast.net, Web: www.mikasafunding.com



FREE WiFi

Ram Gopal

Annabelle's Pizza & Pasta Kitchen

200 "J" Street
Sacramento, CA 95814
(916) 448-6239

BIG SCREEN TV

Annabelle's
Pizza & Pasta Kitchen

IN OLD SACRAMENTO

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM

Varieties of Video Games Available

Variety of Sandwiches are also available



Ram Gopal

Features
All you can eat italian Buffet

(Our Dough is Freshly Rolled Daily and Made of the Finest Ingredients)

Now Serving Beer &Wine!




FREE WiFi

Ram Gopal (916) 448-6239
200 "J" Street, Sacramento, CA 95814



# Sam's Auto Repair & Services

Professional Auto Repairs & Services
BRAKE & LAMP INSPECTION
Domestic & Foreign Cars

STAR CERTIFIED TEST & REPAIR STATION

* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ
* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ "CAP CONSUMER ASSITANT PROGRAM" ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ $500.00 ਤੱਕ ਸਟੇਟ ਮਦਦ ਕਰਦੀ ਹੈ
* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।
* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।
* ਵਧੇਰੇ ਜਾਣਕਾਰੀ ਲਈ www.smogcheck.ca.gov ਤੇ ਕਲਿਕ ਕਰੋ,
* ਤੁਸੀਂ ਇੱਥੋਂ ਆਪਣੇ ਵਹੀਕਲ ਦੀ DMV ਰਜਿਸਟ੍ਰੇਸ਼ਨ ਵੀ ਕਰਵਾ ਸਕਦੇ ਹੋ

649 West Elkhorn Blvd, Suite B Rio Linda, CA 95673

(916) 992-9004

SMOG N TAG

(916) 334-7664
6421 Watt Ave.
North Highlands, CA 95660

$10.00 Off initial Smog Check
Restrictions Apply - See Store for Details

STAR Certified

# ਕਿਥੇ ਗਈ ਸਾਡੀ ਮਾਨਸਿਕਤਾ?

ਅਮਰਜੀਤ ਚੰਦਰ



ਸਾਡਾ ਭਾਰਤ ਇਕ ਖੁਸ਼ਹਾਲ, ਸੰਸਕ੍ਰਿਤ , ਕੁਰਬਾਨੀਆਂ ਨਾਲ ਭਰਿਆ ਅਤੇ ਦੇਵੀ ਦੇਵਤਿਆਂ ਦਾ ਦੇਸ਼ ਹੈ। ਪਰ ਅੱਜ ਲੱਭਿਆਂ ਵੀ ਨਹੀ ਲੱਭਦੀ ਕਿਤੇ ਸੰਸਕ੍ਰਿਤੀ, ਕਿਥੇ ਗਈ ਸਾਡੇ ਭਾਰਤ ਦੇਸ਼ ਦੀ ਸੰਸਕ੍ਰਿਤੀ? ਕਿਥੇ ਗਏ ਦੇਵੀ ਦੇਵਤਿਆਂ ਦੇ ਮੂਲ ਮੰਤਰ? ਕਿਥੇ ਗਏ ਉਹ ਲੋਕ ਜਿਹੜੇ ਸਾਡੇ ਭਾਰਤ ਦੇਸ਼ ਨੂੰ ਖੁਸ਼ਹਾਲ ਰੱਖਣ ਦੇ ਲਈ ਸਟੇਜ਼ਾਂ ਤੇ ਖੜ ਕੇ ਪਾਣੀ ਪੀ ਪੀ ਕੇ ਕਸਮਾਂ ਖਾਦੇ ਸਨ? ਕੀ ਅੱਜ ਉਹਨਾਂ ਲੋਕਾਂ ਨੂੰ ਨਹੀ ਦਿਸਦਾ ਕਿ ਸਾਡਾ ਖੁਸ਼ਹਾਲ ਦੇਸ਼ ਕਿਹੜੇ ਪਾਸੇ ਨੂੰ ਜਾ ਰਿਹਾ ਹੈ? ਅੱਜ ਭਾਰਤ ਦੇਸ਼ ਦੀ ਰਾਜਧਾਨੀ ਦਿਲੀ ਵਿਚ ਚਲਦੀ ਬੱਸ ਦੇ ਅੰਦਰ ਚਾਰ ਬਦਮਾਸ਼ਾਂ ਵਲੋ ਕੀਤੇ ਗਏ ਬਲਾਤਕਾਰ ਨੇ ਸਾਡੇ ਸਮੁੱਚੇ ਹੱਸਦੇ ਖੇਡਦੇ ਭਾਰਤ ਦੇਸ਼ ਨੂੰ ਝੰਝੋੜ ਕੇ ਰੱਖ ਦਿਤਾ। ਜਿਸ ਦੇ ਵਿਰੋਧ ਦੇ ਵਿਚ ਕਾਫੀ ਸਾਲਾਂ ਬਾਅਦ ਰਾਜਧਾਨੀ ਦਿਲੀ ਦੇ ਅੰਦਰ ਅਨੇਕਾਂ ਹੀ ਵਿਦਿਆਥੀ ਇਕੱਠੇ ਹੋ ਕੇ ਸੜਕੇ ਤੇ ਧਰਨਾ ਪ੍ਰਦਰਸ਼ਨ ਕਰਨ ਦੇ ਲਈ ਨਿਕਲੇ ਹੋਏ ਹਨ।16 ਦਸੰਬਰ 2012 ਨੂੰ ਚਲਦੀ ਬੱਸ ਵਿਚ ਹੋਏ ਇਸ ਘਿਨੌਣੇ ਕਾਰਨਾਮੇ, ਬਲਾਤਕਾਰ ਨੇ ਰਾਜਧਾਨੀ ਦਿਲੀ ਦੀਆਂ ਕੰਧਾਂ ਤੱਕ ਹਿਲਾ ਕੇ ਰੱਖ ਦਿਤੀਆਂ। ਭਾਰਤ ਦੀ ਰਾਜਧਾਨੀ ਦਿਲੀ ਦੇ ਲੋਕਾਂ ਵਿਚ ਦਹਿਸ਼ਤ ਦਾ ਮਹੌਲ ਪੈਦਾ ਹੋ ਗਿਆ, ਲੋਕ ਆਪਣੇ ਆਪਣੇ ਘਰਾਂ ਵਿਚ ਸਹਿਮੇ ਸਹਿਮੇ ਜਿਹੇ ਰਹਿਣ ਲੱਗੇ ਹਨ, ਅੱਜ ਤੋਂ ਪਹਿਲਾ ਰਾਜਧਾਨੀ ਦਿਲੀ ਦੇ ਲੋਕ ਬੇਖੌਫ ਦਿਲੀ ਦੀਆਂ ਸੜਕਾਂ ਤੇ ਮੌਜ ਮਸਤੀ ਕਰਦੇ ਘੁੰਮਦੇ ਨਜ਼ਰ ਆ ਰਹੇ ਸਨ ਪਰ ਅੱਜ ਇਸ ਦਰਦਨਾਕ ਘਟਨਾ ਨੇ ਲੋਕਾਂ ਦੇ ਦਿਲਾਂ ਵਿਚ ਇਕ ਡਰ ਦਾ ਮਹੌਲ ਪੈਦਾ ਕਰ ਦਿਤਾ ਹੈ। ਅੱਜ ਸਾਡੇ ਦੇਸ਼ ਦੇ ਬਹੁਤ ਸਾਰੇ ਨੇਤਾਵਾਂ ਵਲੋਂ ਅਫਸੋਸ ਜਿਤਾਉਣ ਦੇ ਨਾਲ ਨਾਲ ਬਲਾਤਕਾਰੀਆਂ ਨੂੰ ਮੌਤ ਦੀ ਸਜ਼ਾ ਦੇਣ ਦੀ ਵੀ ਗੱਲ ਕਹੀ ਗਈ ਹੈ, ਪਰ ਉਹਨਾਂ ਦੀ ਇਸ ਅਫਸੋਸ ਭਰੀ ਅਵਾਜ਼ ਵਿਚ ਅਫਸੋਸ ਦਾ ਦਰਦ ਘੱਟ ਅਤੇ ਆਪੋ ਆਪਣੀਆਂ ਰੋਟੀਆਂ ਸੇਕਣ ਦਾ ਧੂੰਆਂ ਜਿਆਦਾ ਉਠਦਾ ਦਿਖਾਈ ਦੇ ਰਿਹਾ ਸੀ। ਜਿਹੜਾ ਕਿ ਸਾਡੇ ਦੇਸ਼ ਲਈ ਬਹੁਤ ਘਾਤਕ ਸਿੱਧ ਹੋ ਰਿਹਾ ਹੈ।

ਕੀ ਅੱਜ ਦਾ ਸਾਡਾ ਸਮਾਜ ਮਾਨਸਿਕਤਾ ਤੋਂ ਮੁਕਤ ਹੋ ਗਿਆ ਹੈ? ਕੀ ਸਾਡਾ ਸਮਾਜ ਇਸ ਦਾ ਜਵਾਬ ਬਿਲਕੁਲ ਨਹੀ ਜਾਣਦਾ? ਕੀ ਅੱਜ ਵੀ ਲੋਕ ਇਹ ਸਮਝਦੇ ਹਨ ਕਿ ਲੜਕੀਆਂ ਨੂੰ ਜਿਆਦਾ ਅਧਿਕਾਰ ਦੇਣ ਨਾਲ ਲੜਕੀ ਬਦਚਲਣ ਕਹਿਲਾਉਣ ਲੱਗ ਪੈਂਦੀਆਂ ਹਨ? ਕੀ ਲੜਕੀਆਂ ਵਿਚ ਬਲਾਤਕਾਰ ਦੀਆਂ ਘਟਨਾਵਾਂ ਇਸ ਲਈ ਵੱਧ ਰਹੀਆਂ ਹਨ ਕਿ ਲੜਕੀਆਂ ਆਪਣੇ ਹੀ ਦੇਸ਼ ਵਿਚ ਅਜਾਦੀ ਨਾਲ ਘੁੰਮ ਫਿਰ ਰਹੀਆਂ ਹਨ ਅਤੇ ਆਪਣੇ ਮਨ ਪਸੰਦ ਦੇ ਕਪੜੇ ਪਾ ਰਹੀਆਂ ਹਨ? ਬਹੁਤ ਸਾਰੀਆਂ ਤਾਂ ਮੈਂ ਨਹੀ ਕਹਿ ਸਕਦਾ ਪਰ ਕੁਝ ਕੁ ਮਹਿਲਾਵਾਂ ਵੀ ਇਸ ਜੁਲਮ ਦੀਆਂ ਹਿੱਸੇਦਾਰ ਹਨ, ਕਿਉਕਿ ਬਹੁਤ ਸਾਰੀਆਂ ਮਹਿਲਾਵਾਂ ਇਸ ਡਰ ਦੀਆਂ ਮਾਰੀਆਂ ਆਪਣੇ ਉਤੇ ਹੋ ਰਹੇ ਜੁਲਮਾਂ ਵਾਰੇ ਆਪਣੇ ਘਰਵਾਲਿਆਂ ਨੂੰ ਨਹੀ ਦੱਸਦੀਆਂ ਕਿ ਸਾਡੇ ਘਰਵਾਲੇ ਸਾਨੂੰ ਹੀ ਕਸੂਰਵਾਰ ਠਹਿਰਾਉਣਗੇ, ਸਾਡੇ ਘਰ ਵਾਲਿਆ ਨੇ ਸਾਡਾ ਘਰੋਂ ਨਿਕਲਣਾ ਬੰਦ ਕਰ ਦੇਣਾ ਹੈ। ਕੁਝ ਅਸੀ ਵੀ ਜਾਂ ਸਾਡਾ ਸਮਾਜ ਵੀ ਆਪਣੀਆਂ ਲੜਕੀਆਂ ਨੂੰ ਸ਼ੁਰੂ ਤੋਂ ਹੀ ਸਹਿਣਸ਼ੀਲਤਾ ਸਿਖਾਉਣ ਵਿਚ ਲੱਗਾ ਰਹਿੰਦਾ ਹੈ।ਆਪਣੇ ਪਰੀਵਾਰ ਨੂੰ ਇਕੱਠੇ ਰੱਖਣ ਦੇ ਲਈ ਸਿਖਿਆ ਦਿਤੀ ਜਾਦੀ ਹੈ। ਆਪਣੇ ਘਰ ਵਾਲਿਆਂ ਦੀ ਇਜਤ ਰੱਖਣ ਲਈ ਬਹੁਤ ਸਾਰੀਆਂ ਲੜਕੀਆਂ ਆਪਣੀਆਂ ਉਮੀਦਾ ਦਾ ਗਲਾ ਘੁਟਣ ਲਈ ਮਜ਼ਬੂਰ ਹੋਈਆਂ ਰਹਿੰਦੀਆਂ ਹਨ। ਸਾਡੇ ਦੇਸ਼ ਵਿਚ ਰੋਜ਼ ਹੋ ਰਹੇ ਬਲਾਤਕਾਰਾਂ ਵਿਚ ਬਹੁਤ ਸਾਰੀਆਂ ਕੁੜੀਆ ਅੱਜ ਵੀ ਉਹਲਾ ਰੱਖ ਰਹੀਆਂ ਹਨ, ਉਹਨਾਂ ਦੀ ਵਜ਼ਾ ਜਾਨਣ ਦੇ ਲਈ ਕਿਸੇ ਨੇ ਵੀ ਅੱਜ ਤੱਕ ਕੋਸ਼ਿਸ਼ ਨਹੀ ਕੀਤੀ। ਅੱਜ ਵੀ ਬਹੁਤ ਸਾਰੀਆਂ ਸਾਡੀਆਂ ਧੀਆਂ ਭੈਣਾਂ ਆਪਣੇ ਉਤੇ ਹੋ ਰਹੇ ਜੁਲਮ ਸਹਿਣ ਕਰ ਰਹੀਆਂ ਹਨ। ਆਪਣੇ ਉਤੇ ਹੋਏ ਘਨੌਣੇ ਅਪਰਾਧ ਨੂੰ ਆਪਣੇ ਅੰਦਰੋ ਅੰਦਰੀ ਘੁੱਟ ਘੁੱਟ ਕੇ ਜਿਉਣ ਲਈ ਮਜ਼ਬੂਰ ਹੋ ਰਹੀਆਂ ਹਨ, ਜੋ ਲੜਕੀਆਂ ਥੋੜਾ ਬਹੁਤਾ ਹੌਸਲਾ ਕਰਕੇ ਆਪਣੀ ਸ਼ਿਕਾਇਤ ਲਿਖਵਾਉਣ ਦੇ ਲਈ ਪੁਲਿਸ ਥਾਣੇ ਪਹੁੰਚ ਵੀ ਜਾਂਦੀਆਂ ਹਨ ਤਾਂ ਪਹਿਲਾਂ ਤਾਂ ਉਹਨਾਂ ਵਲੋ ਕੀਤੀ ਗਈ ਸ਼ਕਾਇਤ ਪੁਲਿਸ ਵਲੋਂ ਦਰਜ ਹੀ ਨਹੀ ਕੀਤੀ ਜਾਂਦੀ,ਸਿਰਫ ਉਹਨਾਂ ਵਲੋਂ ਲਿਖ ਕੇ ਦਿਤੀ ਦਰਖਾਸਤ ਲੈ ਕੇ ਹੀ ਦੋਸ਼ੀਆਂ ਉਤੇ ਕਾਰਵਾਈ ਕਰਨ ਦਾ ਭਰੋਸਾ ਦਿਤਾ ਜਾਂਦਾ ਹੈ, ਆਲੇ ਦੁਆਲਿਓ ਜੋਰ ਪੈਣ ਤੇ ਵੀ ਪੁਲਿਸ ਵਲੋ ਸ਼ਿਕਾਇਤ ਦਰਜ ਕਰਨ ਦੇ ਲਈ ਵੀ ਕਈ ਤਰਾਂ ਦੀ ਨੁਕਤਾਚੀਨੀ ਕੀਤੀ ਜਾਦੀ ਹੈ। ਜਿਹੜੀਆਂ ਕੁਝ ਕੁ ਲੜਕੀਆਂ ਦੀ ਸ਼ਕਾਇਤ ਸ਼ਿਫਾਰਸ਼ ਜਾਂ ਹੋਰ ਕਿਸੇ ਵੀ ਦਬਾਅ ਜਾਂ ਜੋਰ ਦੇਣ ਨਾਲ ਲਿਖੀ ਵੀ ਜਾਂਦੀ ਹੈ ਤਾਂ ਉਹਨਾਂ ਦੀ ਪੁਲਿਸ ਵਲੋਂ ਠੀਕ ਤਰੀਕੇ ਨਾਲ ਜਾਂਚ ਹੀ ਨਹੀ ਕੀਤੀ ਜਾਂਦੀ, ਪੁਲਿਸ ਅਧਿਕਾਰੀਆਂ ਵਲੋਂ ਜਾਂਚ ਅਧਿਕਾਰੀ ਉਹ ਲਾਏ ਜਾਂਦੇ ਹਨ ਜੋ ਕਿ ਦੋਸ਼ੀਆਂ ਦੇ ਨੇੜੇ ਤੇੜੇ ਹੋਣ ਜਾਂ ਜਾਂਚ ਅਧਿਕਾਰੀ ਉਹ ਲਾਏ ਜਾਂਦੇ ਹਨ ਜੋ ਅਪਰਾਧੀ ਦੀ ਜਾਣ ਪਛਾਣ ਵਾਲੇ ਹੋਣ।ਉਹ ਜਾਂਚ ਅਧਿਕਾਰੀ ਜਾਂਚ ਪੜਤਾਲ ਕਰਨ ਵਿਚ ਅੜਚਣ ਬਣ ਜਾਂਦੇ ਹਨ ਜਾਂ ਜਾਂਚ ਰਿਪੋਰਟ ਦੇ ਅੰਦਰ ਬਹੁਤ ਸਾਰੀਆਂ ਇਸ ਤਰਾਂ ਦੀਆਂ ਘਾਟਾਂ ਛੱਡ ਦਿਤੀਆਂ ਜਾਂਦੀਆਂ ਹਨ,ਜਿਹਨਾਂ ਨਾਲ ਦੋਸ਼ੀਆਂ ਨੂੰ ਫਾਇਦਾ ਪਹੁੰਚ ਸਕੇ ਅਤੇ ਅਪਰਾਧੀ ਅਦਾਲਤ ਵਿਚੋ ਆਪਣੇ ਤੇ ਲੱਗੇ ਦੋਸ਼ਾਂ ਤੋਂ ਬਰੀ ਹੋ ਜਾਂਦਾ ਹੈ, ਇਸ ਦੇ ਨਾਲ ਅਪਰਾਧੀਆਂ ਦਾ ਹੌਸਲਾ ਹੋਰ ਵੀ ਵੱਧ ਜਾਂਦਾ ਹੈ।

ਮਾਰਚ ਦੇ ਮਹੀਨੇ ਇਕ ਪੁਸਤਕ ਮੇਲੇ ਵਿਚ ਸਟੇਜ਼ ਤੇ ਖੜ ਕੇ ਬੋਲਣ ਵਾਲੇ ਹਰ ਬੁਲਾਰੇ ਨੇ ਸਾਡੇ ਦੇਸ਼ ਵਿਚ ਹੋ ਰਹੀਆਂ ਬਲਾਤਕਾਰ ਵਰਗੀਆਂ ਘਟਨਾਵਾਂ ਤੇ ਚਿੰਤਾ ਜਤਾਈ ਕਿ ਸਾਡੇ ਹਿੰਦੋਸਤਾਨ ਦੇ ਅੰਦਰ ਮਹਿਲਾਵਾਂ ਵਿਚ ਬਲਾਤਕਾਰ ਦੀਆਂ ਘਟਨਾਵਾ ਵਿਚ ਦਿਨ ਪਰ ਦਿਨ ਵਾਧਾ ਹੋ ਰਿਹਾ ਹੈ ਅਤੇ ਬਲਾਤਕਾਰੀ ਅਦਾਲਤਾਂ ਵਿਚੋ ਸਾਫ ਸਾਫ ਬਰੀ ਹੋ ਰਹੇ ਹਨ।ਸਾਲ 2010-2012 ਵਿਚ 'ਰਾਸ਼ਟਰੀਆਂ ਅਪਰਾਧ ਰਿਕਾਰਡ ਬਿਊਰੋ'ਵਲੋਂ ਅੰਕੜੇ ਦਿਤੇ ਗਏ ਜੋ ਕਿ ਹੋਰ ਵੀ ਬਹੁਤ ਹੈਰਾਨ ਕਰ ਦੇਣ ਵਾਲੇ ਹਨ। ਉਹਨਾਂ ਵਿਚ ਦੱਸਿਆ ਗਿਆ ਹੈ ਕਿ ਸੰਨ 2010 ਵਿਚ ਸਿਰਫ 29,7 ਫੀਸਦੀ ਹੀ ਬਲਾਤਕਾਰੀ ਅਪਰਾਧੀਆਂ ਨੂੰ ਸਜ਼ਾ ਹੋਈ ਸੀ ਇਹੀ ਸੰਖਿਆ ਸੰਨ 2012 ਵਿਚ ਘੱਟ ਕੇ 24,2 ਫੀਸਦੀ ਰਹਿ ਗਈ ਸੀ। ਸੰਨ 2010 ਵਿਚ ਮਹਿਲਾਵਾਂ ਨਾਲ ਛੇੜ ਛਾੜ ਦੇ ਮਾਮਲਿਆ ਵਿਚ 52,8 ਫੀਸਦੀ ਅਪਰਾਧੀਆਂ ਨੂੰ ਸਜਾ ਹੋਈ ਸੀ ਜਦ ਕਿ ਸੰਨ 2012 ਵਿਚ ਇਹਨਾਂ ਅਪਰਾਧੀਆਂ ਦਾ ਅੰਕੜਾ 36,9 ਫੀਸਦੀ ਰਹਿ ਗਿਆ ਹੈ।ਸਾਡੇ ਭਾਰਤ ਦੇਸ਼ ਦੇ ਅੰਦਰ ਅਦਾਲਤਾਂ ਅਤੇ ਪੁਲਿਸ ਪ੍ਰਸ਼ਾਸ਼ਨ ਤੋਂ ਉਪਰ ਤਾਂ ਕੋਈ ਨਹੀ ਹੈ ਜੇਕਰ ਅਦਾਲਤਾਂ ਵਿਚ ਜਾਂ ਸਾਡੇ ਦੇਸ਼ ਦੇ ਥਾਣਿਆਂ ਵਿਚ ਹੀ ਇਹ ਕੁਝ ਹੋ ਰਿਹਾ ਹੈ ਤਾਂ ਆਮ ਆਦਮੀ ਕਿਸ ਤੇ ਵਿਸ਼ਵਾਸ਼ ਕਰੇਗਾ।ਕੁਝ ਦੇਰ ਪਹਿਲਾਂ ਮਹਿਲਾ ਸੰਸਥਾ ਦੇ ਮੁਖੀ ਇੰਦਰਾ ਜੈ ਸਿੰਘ ਦਾ ਕਹਿਣਾ ਹੈ ਕਿ ਸੰਨ 2013 ਵਿਚ ਰਾਜਧਾਨੀ ਦਿਲੀ ਦੇ ਅੰਦਰ ਬਲਾਤਕਾਰਾ ਦੀਆਂ ਘਟਨਾਵਾਂ ਵਿਚ ਪਹਿਲਾਂ ਨਾਲੋ ਜਿਆਦਾ ਵਾਧਾ ਹੋਇਆ ਹੈ।ਫਿਰ ਵੀ ਸਾਡੇ ਦੇਸ਼ ਦੇ ਅੰਦਰ ਮਹਿਲਾਵਾਂ ਉਪਰ ਹੋ ਰਹੀਆਂ ਘਨੌਣੀਆ ਬਲਾਤਕਾਰ ਵਰਗੀਆਂ ਘਟਨਾਵਾਂ ਵਿਚ ਕੁਝ ਕੁ ਦੋਸ਼ੀਆਂ ਨੂੰ ਹੀ ਕਿਉਂ ਸਜ਼ਾ ਮਿਲ ਰਹੀ ਹੈ?ਇਸ ਤੇ ਸਾਨੂੰ ਸਾਰੇ ਸਮਾਜ ਨੂੰ ਇਕੱਠੇ ਹੋ ਕੇ ਪਹਿਰਾ ਦੇਣ ਦੀ ਲੋੜ ਹੈ।

ਸਾਡੇ ਦੇਸ਼ ਦੀਆਂ ਅਦਾਲਤਾਂ ਦੀਆਂ ਉਚੀਆ ਉਚੀਆਂ ਕੁਰਸੀਆ ਤੇ ਬੈਠਣ ਵਾਲੇ ਲੋਕ ਵੀ ਤਾਂ ਸਾਡੇ ਸਮਾਜ ਵਿਚ ਵਿਚਰ ਕੇ ਹੀ ਉਸ ਕੁਰਸੀਆਂ ਤੱਕ ਪਹੁੰਚੇ ਵੱਡੇ ਹੋਏ ਹਨ,ਪਰ ਕੀ ਤੁਹਾਨੂੰ ਲੱਗਦਾ ਹੈ ਕਿ ਉਹ ਵੀ ਸਾਡੇ ਸਮਾਜ ਦੀ ਮਾਨਸਿਕਤਾ ਤੋਂ ਮੁਕਤ ਹਨ? ਅੱਜ ਸਾਡੇ ਦੇਸ਼ ਅੰਦਰ ਮਹਿਲਾਵਾਂ ਦੇ ਖਿਲਾਫ ਹੋਏ ਅਪਰਾਧ ਦੇ ਮੁਕੱਦਮਿਆਂ ਦੀ ਸੁਣਵਾਈ ਦੇ ਸਮੇਂ ਅਕਸਰ ਉਹਨਾਂ ਦੀਆਂ ਟਿਪਣੀਆ ਵਿਚ ਅਤੇ ਕਦੀ ਕਦੀ ਉਹਨਾਂ ਵਲੋ ਲਿਖੇ ਗਏ ਫੈਸਲਿਆਂ ਵਿਚੋ ਉਹਨਾਂ ਦੀ ਮਾਨਸਿਕਤਾ ਦੇ ਦਰਸ਼ਨ ਹੋ ਜਾਦੇ ਹਨ, ਉਹਨਾਂ ਦੀ ਮਾਨਸਿਕਤਾ ਦਾ ਪਤਾ ਲੱਗ ਜਾਂਦਾ ਹੈ। ਬਹੁਤ ਸਾਰੇ ਮੁਕੱਦਮਿਆਂ ਵਿਚ ਦੇਖਿਆ ਗਿਆ ਹੈ ਕਿ ਉਚੀਆਂ ਉਚੀਆਂ ਕੁਰਸੀਆਂ ਤੇ ਬੈਠਣ ਵਾਲੇ ਹੀ ਬਲਾਤਕਾਰ ਕਰਨ ਵਾਲੇ ਦੋਸ਼ੀ ਅਤੇ ਬਲਾਤਕਾਰ ਪੀੜਤ ਦੋਹਾਂ ਦੇ ਵਿਚ ਸ਼ਾਦੀ ਕਰਾਉਣ ਦੇ ਲਈ ਕੋਸ਼ਿਸ਼ਾਂ ਕੀਤੀਆਂ ਜਾਂਦੀ ਹਨ ਜਾਂ ਬਲਾਤਕਾਰੀ ਦੋਸ਼ੀ ਵਲੋ ਘੜਿਆ ਘੜਾਇਆ ਇਕ ਐਸਾ ਪ੍ਰਸਤਾਵ ਲਿਆ ਕੇ ਪੇਸ਼ ਕਰ ਦਿਤਾ ਜਾਂਦਾ ਹੈ ਕਿ ਬਲਾਤਕਾਰ ਦੇ ਪੀੜਤ ਪਰੀਵਾਰ ਨੂੰ ਸ਼ਾਦੀ ਕਰਵਾਉਣ ਦੇ ਲਈ ਮਜ਼ਬੂਰ ਹੋਣਾ ਪੈ ਜਾਂਦਾ ਹੈ। ਸਾਡੇ ਦੇਸ਼ ਵਿਚ ਬਹੁਤ ਸਾਰੇ ਲੋਕ ਗਰੀਬ ਹਨ ਜਾਂ ਬਲਾਤਕਾਰ ਪੀੜਤਾ ਦੇ ਮਾਂ ਬਾਪ ਗਰੀਬੀ ਦੇ ਥੱਲੇ ਦੱਬੇ ਹੋਏ ਹੋਣ ਕਰਕੇ,ਉਹਨਾਂ ਵਲੋਂ ਇਸ ਪ੍ਰਸਤਾਵ ਨੂੰ ਮਜ਼ਬੂਰੀ ਵਿਚ ਮਨਜੂਰ ਕਰਨਾ ਤੋਂ ਇਲਾਵਾ ਕੋਈ ਵੀ ਚਾਰਾ ਨਹੀ ਹੁੰਦਾ।

16 ਦਸੰਬਰ ਦੀ ਰਾਤ ਨੂੰ ਚਲਦੀ, ਸਵਾਰੀਆਂ ਨਾਲ ਭਰੀ ਹੋਈ ਬੱਸ ਵਿਚ ਸਿਰਫ ਇਕ ਸਮੂਹਿਕ ਬਲਾਤਕਾਰ ਹੀ ਨਹੀ ਹੋਇਆ, ਉਹਨਾਂ ਬਲਾਤਕਾਰੀ ਦਰਿੰਦਿਆ ਨੇ ਉਸ ਲੜਕੀ ਦੇ ਨਾਲ ਉਹ ਘਨੌਣਾ ਅਪਰਾਧ ਵੀ ਕੀਤਾ ਜਿਹੜਾ ਕਿ ਅੱਜ ਸਾਡਾ ਸਮੁੱਚਾ ਦੇਸ਼ ਸਿਰ ਝੁਕਾਈ ਬੈਠਾ ਹੈ, ਉਹਨਾਂ ਦੀਆਂ ਘਨੌਣੀਆਂ ਹਰਕਤਾਂ ਕਰਕੇ ਹੀ ਸਾਡੇ ਦੇਸ਼ ਦਾ ਸਿਰ ਨੀਵਾਂ ਹੋਇਆ ਹੈ, ਸਾਡਾ ਦੇਸ਼ ਬਹੁਤ ਹੀ ਸ਼ਰਮਸਾਰ ਹੋਇਆ ਹੈ।ਬਲਾਤਕਾਰ ਦੀ ਪੀੜਤ ਉਹ ਲੜਕੀ ਤੇ ਉਸ ਸਮੇਂ ਕੀ ਬੀਤੀ ਹੋਵੇਗੀ, ਉਹ ਲੜਕੀ ਕਿੰਨੀ ਦੁਖੀ ਹੋਈ ਹੋਵੇਗੀ ਕਿ ਦਿਲੀ ਅਤੇ ਸਿੰਗਾਪੁਰ ਇਲਾਜ ਕਰਵਾਉਣ ਦੇ ਬਾਵਜੂਦ ਵੀ ਇਕ ਹਫਤੇ ਬਾਅਦ ਉਹ ਲੜਕੀ ਮੌਤ ਨੂੰ ਪਿਆਰੀ ਹੋ ਗਈ। ਪਿੱਛੇ ਛੱਡ ਗਈ ਆਪਣੀ ਇਕ ਦਰਦ ਭਰੀ ਕਹਾਣੀ,ਜਿਹੜੀ ਕਿ ਸ਼ੁਰੂ ਹੋਣ ਤੋਂ ਬਾਅਦ ਖਤਮ ਹੋਣ ਦਾ ਨਾਮ ਹੀ ਨਹੀ ਲੈ ਰਹੀ। ਅੱਜ ਇਸ ਦਰਦ ਭਰੀ ਘਟਨਾ ਨੂੰ ਸੁਣਨ ਵਾਲਿਆ ਦੇ ਰੌਂਗਟੇ ਤੱਕ ਖੜੇ ਹੋ ਰਹੇ ਹਨ। ਉਹਨਾਂ ਬਲਾਤਕਾਰੀ ਦਰਿੰਦਿਆਂ ਦੇ ਚਿਹਰਿਆਂ ਤੇ ਕੋਈ ਸ਼ਿਕਨ ਕਿਉ ਨਹੀ ਆਈ? ਕੀ ਉਹਨਾਂ ਦੇ ਦਿਲ ਪੱਥਰ ਦੇ ਸੀ?ਕੀ ਉਹਨਾਂ ਦੇ ਘਰ ਉਹਨਾਂ ਦੀਆਂ ਮਾਵਾਂ ਭੈਣਾਂ ਨਹੀ ਹਨ?ਜੇ ਹੈ ਤਾਂ ਕੀ ਉਸ ਮਸੂਮ ਬੱਚੀ ਨੂੰ ਉਹਨਾਂ ਬਲਾਤਕਾਰੀ ਦਰਿੰਦਿਆਂ ਆਪਣੀ ਕਿਉਂ ਨਹੀ ਸਮਝਿਆਂ?

ਸਾਡੇ ਭਾਰਤ ਦੇਸ਼ ਦੀਆਂ ਅਨੇਕਾਂ ਹੀ ਛੋਟੀਆਂ ਤੋਂ ਲੈ ਕੇ ਵੱਡੀਆਂ ਅਦਾਲਤਾਂ ਵਿਚ ਅੱਜ ਵੀ ਬਹੁਤ ਸਾਰੇ ਏਹੋ ਜਿਹੇ ਕੇਸ ਵਿਚਾਰ ਅਧੀਨ ਪਏ ਹਨ। ਛੋਟੇ ਛੋਟੇ ਮੁਕੱਦਮਿਆ ਦੇ ਕੇਸ ਵੀ ਕਈ ਕਈ ਸਾਲਾਂ ਤੱਕ ਚਲੇ ਜਾਂਦੇ ਹਨ,ਸੱਭ ਤੋਂ ਥੱਲੇ ਦੀ ਅਦਾਲਤ ਤੋਂ ਸ਼ੁਰੂ ਹੋ ਕੇ ਉਪਰਲੀ ਅਦਾਲਤ ਤੱਕ ਮੁਕੱਦਮਾ ਪਹੁੰਚਦੇ ਪਹੁੰਚਦੇ ਕਈ ਵਾਰ ਤਾਂ ਗਵਾਹ ਵੀ ਮੌਤ ਨੂੰ ਪਿਆਰੇ ਹੋ ਜਾਂਦੇ ਹਨ, ਜਾਂ ਮੁਦੱਈ ਆਪ ਹੀ ਇਸ ਦੁਨੀਆਂ ਨੂੰ ਅਲਵਿਦਾ ਕਹਿ ਜਾਂਦਾ ਹੈ, ਕਈ ਵਾਰ ਪੁਲਿਸ ਵਾਲੇ ਵੀ ਕੇਸ ਨਾਲ ਸਬੰਧਤ ਆਪਣੇ ਕਾਗਜਾਤ ਅਦਾਲਤਾਂ ਵਿਚ ਪਹੁੰਚਾਣ ਵਿਚ ਤੇਜੀ ਨਹੀ ਵਰਤਦੇ, ਜਿਸ ਕਰਕੇ ਵੀ ਏਹੋ ਜਿਹੇ ਕੇਸ ਫਿਰ ਨਰਮ ਪੈਣੇ ਸ਼ੁਰੂ ਹੋ ਜਾਂਦੇ ਹਨ।

ਉਸ ਤੋਂ ਬਾਅਦ ਮੁਕੱਦਮੇ ਵਿਚ ਸਾਹ-ਸੱਤ ਹੀ ਕੀ ਖਤਮ ਹੋ ਜਾਦਾ ਹੈ। ਜਿਸ ਕਰਕੇ ਦੋਸ਼ੀ ਜਲਦੀ ਹੀ ਆਪਣੇ ਉਤੇ ਲੱਗੇ ਦੋਸ਼ਾਂ ਤੋਂ ਮੁਕਤ ਹੋ ਜਾਦੇ ਹਨ ਅਤੇ ਬਾਹਰ ਆ ਕੇ ਫਿਰ ਆਪਣਾ ਉਹੀ ਧੰਦਾ ਕਰਨ ਵਿਚ ਆਪਣੀ ਸ਼ਾਨੋ ਸ਼ੌਕਤ ਸਮਝਦੇ ਹਨ। ਦੇਸ਼ ਦੀਆਂ ਅਦਾਲਤਾਂ ਦਾ ਕੰਮ-ਕਾਰ ਦੇਖ ਕੇ ਵੀ ਕਈ ਵਾਰ ਆਦਮੀ ਦੰਗ ਰਹਿ ਜਾਂਦਾ ਹੈ। ਕੰਪਿਊਟਰ ਯੁਗ ਹੋਣ ਕਰਕੇ ਵੀ ਅਦਾਲਤਾਂ ਦਾ ਕੰਮ ਅਜੇ ਬਹੁਤ ਜਗਾ ਪੁਰਾਣੇ ਹਿਸਾਬ ਦੇ ਨਾਲ ਹੀ ਚੱਲ ਰਿਹਾ ਹੈ ਜਿਸ ਕਰਕੇ ਵੀ ਅਦਾਲਤੀ ਕੰਮ ਦੇਰੀ ਨਾਲ ਨਿਪਟ ਰਹੇ ਹਨ।

ਅੱਜ ਵੀ ਸਾਡੇ ਦੇਸ਼ ਅੰਦਰ ਪੁਲਿਸ ਪ੍ਰਸ਼ਾਸ਼ਨ ਅਤੇ ਅਦਾਲਤਾਂ ਕਾਇਮ ਹਨ ਪਰ ਅਦਾਲਤਾਂ ਦਾ ਕੀੜੀ ਦੀ ਚਾਲ ਹੋ ਰਿਹਾ ਕੰਮ ਦੇਖ ਕੇ ਹਰ ਨਾਗਰਿਕ ਦਾ ਅਦਾਲਤਾਂ ਤੋਂ ਭਰੋਸਾ ਉਠਦਾ ਜਾ ਰਿਹਾ ਹੈ, ਕਿਉਕਿ ਹਰ ਨਾਗਰਿਕ ਨੂੰ ਅਦਾਲਤ ਤੋਂ ਜਲਦੀ ਫੈਸਲੇ ਦੀ ਉਮੀਦ ਹੀ ਨਹੀ ਹੁੰਦੀ। ਇਸ ਤਰਾਂ ਦੀ ਸਥਿਤੀ ਵਿਚ ਫਿਰ ਆਦਮੀ ਖੌਫ ਵਿਚ ਜਿਊਦਾ ਹੈ, ਅੱਜ ਦੇ ਸਮੇਂ ਅੰਦਰ ਹਰ ਆਦਮੀ ਨੂੰ ਆਪਣੇ ਆਪ ਤੇ ਵੀ ਭਰੋਸਾ ਨਹੀ ਰਿਹਾ ਅਤੇ ਅਪਰਾਧੀ ਛਾਤੀ ਤਾਣ ਕੇ ਲੋਕਾਂ ਵਿਚ ਵਿਚਰਣਾ ਆਪਣਾ ਇਕ ਸ਼ੌਕ ਸਮਝਦੇ ਹਨ।

ਇਹੋ ਜਿਹੇ ਮਹੌਲ ਵਿਚ ਮਹਿਲਾਵਾਂ ਦੇ ਖਿਲਾਫ ਅਪਰਾਧ ਹੋਰ ਵੱਧਦੇ ਜਾ ਰਹੇ ਹਨ।ਇਹਨਾਂ ਵਿਚ ਉਹਨਾਂ ਬਲਾਤਕਾਰ ਵਰਗੇ ਘਨੌਣੇ ਅਪਰਾਧਾ ਨੂੰ ਅੰਜਾਮ ਦੇਣ ਵਾਲਿਆ ਦੀ ਗਿਣਤੀ ਘੱਟ ਰਹੀ ਹੈ,ਜਿਹਨਾਂ ਨੂੰ ਅੱਜ ਤੱਕ ਸਜਾ ਮਿਲੀ ਹੋਵੇ।

ਖੁਸ਼ਖਬਰੀ ਕੈਲੇਫੋਰਨੀਆ ਵਿਚ ਰਹਿੰਦੇ ਕਲਾਕਾਰਾਂ ਲਈ ਖੁਸ਼ਖਬਰੀ ਖੁਸ਼ਖਬਰੀ

ARMAAN MUSIC PRODUCTION STUDIO

ਖੁੱਲ੍ਹ ਗਿਆ ਹੈ ਸਟਾਕਟਨ ਵਿਚ

ਹੁਣ ਇੰਡੀਆ ਜਾ ਕੇ ਆਪਣੀ ਸੀ ਡੀ ਦੀ ਰਿਕਾਰਡਿੰਗ ਕਰਵਾਉਣ ਦੀ ਬਜਾਏ AMP, Studio ਵਿਚ ਹੀ ਸਾਰਾ ਕੰਮ ਕਰ ਸਕਦੇ ਹੋ



ਸਾਡੇ ਕੋਲ ਪੂਰੇ ਹੈ ਹਾਈਟੈਕ Equipment ਅਸੀਂ PROTOOL, LOGIC ਤੇ ਰਿਕਾਰਡਿੰਗ ਕਰਦੇ ਹਾਂ।

ਹੋਰ ਜਾਣਕਾਰੀ ਲਈ ਸੰਪਰਕ ਕਰੋ

209-242-3642

Email:-
NEWZINDGI@GMAIL.COM

# ਕਥਾਵਾਂ ਬਿਸਤ ਦੁਆਬ ਦੀਆਂ




## ਭੂਮਿਕਾ

ਲੋਕਧਾਰਾ ਦਾ ਖੇਤਰ ਬੜਾ ਵਸੀਹ ਹੈ। ਇਸ ਦੀਆਂ ਅਨੇਕ ਵੰਨਗੀਆਂ ਵਿਚੋਂ ਉਤਮ ਵੰਨਗੀ ਹੈ 'ਲੋਕ ਕਥਾ'। ਲੋਕ ਕਥ ਦੀ ਉਮਰ ਮਨੁੱਖ ਜਿੰਨੀ ਹੀ ਲੰਮੇਰੀ ਹੈ। ਲੋਕ ਕਥਾਵਾਂ ਸਾਡੇ ਸਭਿਆਚਾਰ ਦਾ ਅਨਿੱਖੜਵਾਂ ਅੰਗ ਹਨ। ਇਨ੍ਹਾਂ ਵਿਚ ਭਾਰਤੀ ਅਤੇ ਸਾਮੀ ਸਾਰੀਆਂ ਪ੍ਰੰਪਰਾਵਾਂ ਦੇ ਅੰਸ਼ ਮੌਜੂਦ ਹਨ। ਵਿਭਿੰਨ ਪ੍ਰਸਥਿਤੀਆਂ ਹੋਣ ਦੇ ਬਾਵਜੂਦ ਵਿਭਿੰਨ ਦੇਸ਼ਾਂ ਦੀਆਂ ਲੋਕ ਕਥਾਵਾਂ ਵਿਚ ਸਾਂਝੇ ਅੰਸ਼ ਦੇਖਣ ਨੂੰ ਮਿਲਦੇ ਹਨ। ਅਸਲ ਵਿਚ ਲੋਕ ਕਥਾਵਾਂ ਲੋਕ ਮਨ ਦੀ ਪੇਸ਼ਕਾਰੀ ਮਾਨਵੀ ਤੇ ਗੈਰ-ਮਾਨਵੀ ਪਾਤਰਾਂ ਰਾਹੀਂ ਪ੍ਰੰਪਰਾਗਤ ਰੂੜੀਆਂ ਨੂੰ ਵਰਤਦਿਆਂ ਕਰਦੀਆਂ ਹਨ। ਲੋਕ ਕਥਾਵਾਂ ਦਾ ਆਧਾਰ ਲੋਕ ਰੂੜੀਆਂ ਹਨ। ਲੋਕ ਕਥਾਵਾਂ ਦਾ ਮੁੱਖ ਉਦੇਸ਼ ਸਿਰਫ ਮਨੋਰੰਜਨ ਕਰਨਾ ਹੀ ਨਹੀਂ ਹੁੰਦਾ ਸਗੋਂ ਇਹ ਦਲੇਰੀ, ਅੱਨਿਆਂ ਦਾ ਵਿਰੋਧ, ਚਰਿੱਤਰ ਉਸਾਰੀ, ਕੁਝ ਕਰ ਗੁਜ਼ਰਨ ਦੀ ਤੜਪ ਅਤੇ ਜ਼ਿੰਦਗੀ ਦੇ ਯਥਾਰਥ ਨੂੰ ਵੀ ਪੇਸ਼ ਕਰਦੀਆਂ ਹਨ। ਇਹਨਾਂ ਦੇ ਪਾਤਰ ਸੰਘਰਸ਼ਸ਼ੀਲ ਰਹਿੰਦਿਆਂ ਬਦਕਿਸਮਤ ਨੂੰ ਖੁਸ਼ਕਿਸਮਤ ਵਿਚ ਬਦਲਣ ਲਈ ਤੱਤਪਰ ਰਹਿੰਦੇ ਹਨ। ਲੋਕ ਕਥਾਵਾਂ ਵਿਚ ਕਲਪਨਾ ਦਾ ਤੱਥ ਭਾਰੂ ਹੁੰਦਾ ਹੈ। ਬਹੁਤ ਵਾਰ ਲੋਕ ਕਥਾਵਾਂ ਵਿਚ ਪਸ਼ੂ, ਪੰਛੀ, ਜੰਗਲ ਵੀ ਮਨੁੱਖ ਦੀ ਤਰ੍ਹਾਂ ਵਿਵਹਾਰ ਕਰਦੇ ਹਨ। ਇਹਨਾਂ ਵਿਚ ਮਰਦ ਔਰਤ ਦੇ ਰਿਸ਼ਤਿਆਂ ਨੂੰ ਪ੍ਰਤੀਕਾਂ ਰਾਹੀਂ ਪ੍ਰਗਟ ਕੀਤਾ ਗਿਆ ਹੁੰਦਾ ਹੈ।

ਲੋਕ ਕਥਾ ਨੂੰ ਮੁੱਖ ਤੌਰ ਤੇ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ, ਮਿੱਥ ਕਥਾ, ਦੰਦ ਕਥਾ ਅਤੇ ਲੋਕ ਕਹਾਣੀ। ਹੱਥਲੇ ਸੰਗ੍ਰਹਿ ਵਿਚ ਵੀ ਇਸੇ ਵੰਡ ਤਹਿਤ ਲੋਕ ਕਥਾਵਾਂ ਦਿੱਤੀਆਂ ਗਈਆਂ ਹਨ। ਇਹ ਲੋਕ ਕਥਾਵਾਂ ਬਿਸਤ ਦੁਆਬ ਦੇ ਜ਼ਰਖੇਜ਼ ਇਲਾਕੇ ਵਿਚੋਂ ਇਕੱਠੀਆਂ ਕੀਤੀਆਂ ਗਈਆਂ ਹਨ। ਸਤਲੁਜ ਅਤੇ ਬਿਆਸ ਦਰਿਆ ਵਿਚਕਾਰਲਾ ਇਲਾਕਾ ਚਾਰ ਜਿਲ੍ਹਿਆਂ ਹੁਸ਼ਿਆਰਪੁਰ, ਕਪੂਰਥਲਾ, ਸ਼ਹੀਦ ਭਗਤ ਸਿੰਘ ਨਗਰ ਅਤੇ ਜਲੰਧਰ ਵਿਚ ਫੈਲਿਆ ਹੋਇਆ ਹੈ। ਦੁਆਬ ਨਾਲ ਲੱਗਾ ਬਿਸਤ ਸ਼ਬਦ ਬਿਆਸ ਦਰਿਆ ਦੇ ਪਹਿਲੇ ਅੱਖਰ 'ਬ' ਅਤੇ ਸਤਲੁਜ ਦੇ 'ਸ' ਤੋਂ ਮਿਲ ਕੇ ਬਣਿਆ ਹੈ। ਪੁਰਾਣੇ ਪੰਜਾਬ ਵਿਚ ਹੱਥਾਂ ਦੀਆਂ ਪੰਜ ਉਂਗਲਾਂ ਦੇ ਆਕਾਰ ਦੀ ਤਰ੍ਹਾਂ ਵਗਦੇ ਦਰਿਆਵਾਂ ਦੇ ਪਹਿਲੇ ਸ਼ਬਦਾਂ ਨੂੰ ਜੋੜ ਕੇ ਪੰਜ ਦੁਆਬਿਆਂ ਦੇ ਨਾਂ ਸਿਰਜੇ ਗਏ ਹਨ। ਪਰ ਪੂਰਬੀ ਪੰਜਾਬ ਵਿਚ ਸਾਬਤ-ਸਬੂਤ ਇਕ ਦੁਆਬਾ ਹੋਣ ਕਰਕੇ ਇਹ ਬਿਸਤ ਦੁਆਬ ਦੀ ਥਾਂ ਦੁਆਬਾ ਕਰਕੇ ਜਿਆਦਾ ਉਭਰਿਆ ਹੈ। ਅੱਜ ਦੇ ਤੇਜ਼ ਤਰਾਰ, ਕੰਪਿਊਟਰ ਤੇ ਮਸ਼ੀਨੀ ਯੁੱਗ ਵਿਚ ਵੀ ਇੱਥੋਂ ਦੇ ਲੋਕਾਂ ਕੋਲ ਲੋਕ ਕਥਾਵਾਂ ਦਾ ਅਥਾਹ ਖਜ਼ਾਨਾ ਪਿਆ ਹੈ। ਲੋੜ ਹੈ ਇਹਨਾਂ ਅਮੁੱਲ ਲੋਕਧਾਰਕ ਸੋਮਿਆਂ ਨਾਲ ਸੰਪਰਕ ਕਰਕੇ ਇਹ ਸਮੱਗਰੀ ਸਾਂਭਣ ਦੀ। ਪੰਜਾਬੀਆਂ ਦਾ ਇਹ ਸੁਭਾਅ ਹੈ ਕਿ ਇਹਨਾਂ ਨੇ ਕੋਈ ਵੀ ਕੰਮ ਸਹੀ ਸਮੇਂ ਤੇ ਸ਼ੁਰੂ ਨਹੀਂ ਕੀਤਾ। ਜਦੋਂ ਪਾਣੀ ਸਿਰ ਤੋਂ ਲੰਘ ਜਾਂਦਾ ਹੈ ਤਾਂ ਇਹ ਫਿਰ ਜਾਗਦੇ ਹਨ। ਇਥੇ ਲੋਕਧਾਰਾ ਸਮੱਗਰੀ ਦੇ ਇਕੱਤਰੀਕਰਨ ਦੀ ਸ਼ੁਰੂਆਤ ਆਰ. ਸੀ. ਟੈਂਪਲ ਇਕ ਅੰਗਰੇਜ਼ ਤੋਂ ਸ਼ੁਰੂ ਹੋਈ। ਬਾਅਦ ਵਿਚ ਫਲੋਰਾ ਏ. ਸਟੀਲ, ਔਸਬੌਰਨ ਅਤੇ ਸਨਰਟਨ ਨੇ ਇਸ ਵਿਚ ਵਾਧਾ ਕੀਤਾ। ਲੋਕ ਧਾਰਾ ਦੀ ਮਹੱਤਤਾ ਨੂੰ ਵਿਦੇਸ਼ੀ ਵਿਦਵਾਨਾਂ ਨੇ ਸਮਝਿਆ। ਭਾਵੇਂ ਇਸ ਪਿੱਛ ਅੰਗਰੇਜ਼ੀ ਹਕੂਮਤ ਦੁਆਰਾ ਭਾਰਤੀਆਂ ਦੀ ਮਾਨਸਿਕਤਾ ਨੂੰ ਸਮਝਣ ਦਾ ਭੇਦ ਛੁਪਿਆ ਪਿਆ ਸੀ। ਚਲੋ ਇਸੇ ਪੱਜ ਲੋਕਧਾਰਾ ਦੇ ਇਕੱਤਰੀਕਰਨ ਦਾ ਕੰਮ ਤਾਂ ਸ਼ੁਰੂ ਹੋਇਆ।

ਪੰਜਾਬੀ ਵਿਦਵਾਨਾਂ ਵਿਚੋਂ ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਨੇ 465 ਲੋਕ ਕਥਾਵਾਂ ਪੋਠੋਹਾਰ ਵਿਚ, ਮਾਲਵੇ ਵਿਚ ਗਿਆਨੀ ਗੁਰਦਿੱਤ ਸਿੰਘ ਨੇ 305 ਲੋਕ ਕਥਾਵਾਂ, ਮਾਲਵੇ ਵਿਚ ਹੀ ਨਵਦੀਪ ਸਿੰਘ ਸਿੱਧੂ ਅਤੇ ਮਾਝੇ ਵਿਚ ਡਾ. ਜੋਗਿੰਦਰ ਸਿੰਘ ਕੈਰੋਂ ਨੇ ਕਾਫੀ ਗਿਣਤੀ ਵਿਚ ਲੋਕ ਕਥਾਵਾਂ ਇਕੱਠੀਆਂ ਕੀਤੀਆਂ। ਦੁਆਬੇ ਵਿਚ ਡਾ. ਰਮਾ ਕੁਮਾਰੀ, ਅਜੇ ਕੁਮਾਰ ਅਰਸ਼ ਅਤੇ ਦੁਆਬੇ ਦੇ ਲੋਕ ਗੀਤਾਂ ਤੇ ਨਿੱਠ ਕੇ ਕੰਮ ਕਰਨ ਵਾਲੇ ਲੋਕਧਾਰਾ ਵਿਗਿਆਨੀ ਡਾ. ਕਰਮਜੀਤ ਸਿੰਘ ਹੁਰਾਂ ਨੇ ਵੀ ਲੋਕ ਕਥਾਵਾਂ ਇਕੱਤਰ ਕੀਤੀਆਂ ਹਨ। ਪਰ ਇਹਨਾਂ ਦੀ ਗਿਣਤੀ ਕੁੱਲ ਮਿਲਾ ਕੇ ਦੋ ਅੰਕਾਂ ਤੱਕ ਹੀ ਸੀਮਤ ਰਹਿੰਦੀ ਹੈ। ਮੈਂ ਦੁਆਬੇ ਦੇ ਵੱਖ-ਵੱਖ ਪਿੰਡਾਂ ਵਿਚ ਜਾ ਕੇ ਬਿਰਤਾਂਤਕਾਰਾਂ ਪਾਸੋਂ ਪੌਣੇ ਦੋ ਸੌ ਦੇ ਲੱਗਭੱਗ ਲੋਕ ਕਥਾਵਾਂ ਆਪਣੇ ਮੋਬਾਇਲ ਨਾਲ ਰਿਕਾਰਡ ਕੀਤੀਆਂ। ਇਹਨਾਂ ਲੋਕ ਕਥਾਵਾਂ ਨੂੰ ਫਿਰ ਬਿਨਾਂ ਕਿਸੇ ਤਬਦੀਲੀ ਤੋਂ ਹੈਡ ਫੋਨ ਰਾਹੀਂ ਰਜਿਸਟਰ ਤੇ ਝਰੀਟਿਆ।

ਦੁਆਬੇ ਦੀਆਂ ਲੋਕ ਕਥਾਵਾਂ ਦਾ ਇਕੱਤਰੀਕਰਨ ਕਰਦਿਆਂ ਬੜੇ ਕੌੜੇ ਮਿੱਠੇ ਤਜਰਬਿਆਂ ਵਿਚੋਂ ਗੁਜ਼ਰਨਾ ਪਿਆ। ਅਨਪੜ੍ਹ ਬੰਦਿਆਂ ਦੀ ਕਹਾਣੀ ਸੁਣਾਉਣ ਕਲਾ ਤੋਂ ਕੁਰਬਾਨ ਜਾਣ ਨੂੰ ਦਿਲ ਕਰਦਾ ਸੀ। ਲੋਕ ਕਥਾਵਾਂ ਵਿਚ ਕਈ ਵਾਰ ਅਸ਼ਲੀਲ ਟਿੱਪਣੀਆਂ ਨੂੰ ਪੇਸ਼ਕਾਰ ਇਸ ਤਰ੍ਹਾਂ ਪੇਸ਼ ਕਰ ਜਾਂਦੇ ਸਨ ਕਿ ਅਸ਼ਲੀਲ ਟਿੱਪਣੀਆਂ ਵੀ ਅਸ਼ਲੀਲ ਨਹੀਂ ਸੀ ਜਾਪਦੀਆਂ। ਕਹਾਣੀ ਸੁਣਾਉਣ ਵਾਲਾ ਸਾਹਮਣੇ ਬੈਠੇ ਸਰੋਤਿਆਂ ਦੀ ਉਮਰ, ਲਿੰਗ, ਦਿਲਚਸਪੀ, ਬਰਾਦਰੀ ਦਾ ਖਾਸ ਖਿਆਲ ਰੱਖਦਾ ਹੈ ਅਤੇ ਕਈ ਵਾਰ ਆਪਣੀ ਰੁਚੀ ਅਨੁਸਾਰ ਵੀ ਲੋਕ ਕਥਾ ਸੁਣਾਉ ਧੋਬੀ ਪਟਕੇ ਵਾਂਗ ਮੋੜਾ ਦੇ ਦਿੰਦਾ ਹੈ।

ਜਦੋਂ ਅਸੀਂ ਪੁਰਾਣੇ ਲੋਕਾਂ ਦੇ ਸਰੀਰਕ ਅਤੇ ਮਾਨਸਿਕ ਤੌਰ ਤੇ ਤਾਕਤਵਰ ਹੋਣ ਬਾਰੇ ਪੜ੍ਹਦੇ ਸੁਣਦੇ ਹਾਂ ਤਾਂ ਇਸ ਦੇ ਪਿੱਛੇ ਸਭ ਤੋਂ ਵੱਡਾ ਹੱਥ ਉਹਨਾਂ ਦੇ ਜ਼ਿਹਨ ਵਿਚ ਪਈਆਂ ਲੋਕ ਕਥਾਵਾਂ ਅਤੇ ਲੋਕ ਸਾਹਿਤ ਦਾ ਹੀ ਹੁੰਦਾ ਹੈ। ਮਰਗਤ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਸੋਗ ਸਮੇਂ ਇਕੱਠੇ ਹੋਏ ਘਰਦਿਆਂ ਨੂੰ ਜਦੋਂ ਕੋਈ ਸਿਆਣਾ ਬਜ਼ੁਰਗ ਲੋਕ ਕਥਾ ਰਾਹੀ ਧਰਵਾਸਾ ਦਿੰਦਾ ਹੈ ਤਾਂ ਸੁਣਨ ਵਾਲੇ ਨੂੰ ਆਪਣਾ ਦੁੱਖ ਤੁੱਛ ਜਾਪਣ ਲੱਗ ਜਾਂਦਾ ਹੈ। ਗੱਲਾਂ ਗੱਲਾਂ ਵਿਚ ਹੀ ਜਦੋਂ ਉਸ ਨੂੰ ਇਹ ਪਤਾ ਲੱਗਦਾ ਹੈ ਕਿ ਇਸ ਤਰ੍ਹਾਂ ਸਾਰਿਆਂ ਨਾਲ ਹੁੰਦੀ ਆਈ ਹੈ ਤਾਂ ਉਸਦੇ ਮਨ ਦਾ ਗਵਾਰ ਨਿਕਲ ਜਾਂਦਾ ਹੈ। ਮਨ ਹਲਕਾ ਹੋ ਜਾਂਦਾ ਹੈ। ਅੱਜ ਘਰ ਘਰ ਮੰਜੇ ਮੱਲਣ ਵਾਲੇ ਰੋਗੀਆਂ ਦੀ ਤਾਦਾਦ ਵਿਚ ਹੋ ਰਿਹਾ ਨਿਰੰਤਰ ਵਾਧਾ ਅਤੇ ਹਸਪਤਾਲਾਂ ਵਿਚ ਰੋਗੀਆਂ ਦੀਆਂ ਲੱਗੀਆਂ ਲੰਮੀਆਂ ਕਤਾਰਾਂ ਗਵਾਹੀ ਭਰਦੀਆਂ ਹਨ ਕਿ ਅਸੀਂ ਮਨਾਂ ਤੇ ਮਣਾਂ ਮੂੰਹੀ ਭਾਰ ਚੁੱਕੀ ਖਲੋਤੇ ਹਾਂ। ਸਬਰ ਸੰਤੋਖ ਵਾਲੀ ਕਿਸੇ ਵਿਚ ਗੱਲ ਹੀ ਨਹੀਂ ਰਹੀ। ਸਮਾਜ ਵਿਚ ਨੈਤਿਕ ਕਦਰਾਂ ਕੀਮਤਾਂ ਘਟੀਆਂ ਹਨ। ਮਸ਼ੀਨੀ ਯੁੱਗ ਵਿਚ ਮਸ਼ੀਨ ਬਣਿਆ ਬੰਦਾ ਅਸਲ ਜ਼ਿੰਦਗੀ ਤੋਂ ਕੋਹਾਂ ਦੂਰ ਹੋਇਆ ਹੈ। ਜ਼ਿੰਦਗੀ ਵਿਚ ਤਬਦੀਲੀ ਆਉਣ ਨਾਲ ਪਹਿਲੇ ਦਾਇਰੇ ਅਲੋਪ ਹੁੰਦੇ ਜਾਂਦੇ ਹਨ। ਇਕਾਈਆਂ ਨਵਿਆਂ ਦਾਇਰਿਆਂ ਦੀ ਲਗਾਤਾਰ ਸਿਰਜਣਾ ਕਰਦੀਆਂ ਜਾਂਦੀਆਂ ਹਨ। ਪਰ ਇਹ ਤਬਦੀਲੀ ਸਾਰਥਕ ਹੋਣੀ ਚਾਹੀਦੀ ਹੈ। ਟੀ. ਵੀ., ਇੰਟਰਨੈਟ, ਸਭਿਆਚਾਰ ਦੇ ਆਉਣ ਨਾਲ ਲੋਕ ਕਥਾਵਾਂ ਦੇ ਮੂੰਹ ਮੁਹਾਂਦਰੇ ਬਦਲੇ ਹਨ। ਜੇ ਇੰਝ ਵੀ ਕਹਿ ਲਿਆ ਜਾਵੇ ਕਿ ਵਪਾਰਕ ਇਸ਼ਤਿਹਾਰਬਾਜ਼ੀ ਨੇ ਆਪਣੀ ਪ੍ਰਕਾਰ ਦੀ ਲੋਕ ਧਾਰਾ ਪ੍ਰਚੱਲਿਤ ਕੀਤੀ ਹੈ ਤਾਂ ਇਸ ਗੱਲ ਵਿਚ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ।

ਦੁਆਬੇ ਦੀਆਂ ਲੋਕ ਕਥਾਵਾਂ ਵਿਚ ਲੋਕ ਰੂੜੀਆਂ ਪੰਜਾਬੀ ਲੋਕ ਕਥਾਵਾਂ ਵਾਲੀਆਂ ਹੀ ਹਨ। ਪਰ ਭੂਗੋਲਿਕਤਾ ਦੇ ਕਾਰਨ ਸਭ ਤੋਂ ਵੱਡੀ ਤਬਦੀਲੀ ਭਾਸ਼ਾ ਦੀ ਹੈ। ਇਸ ਤੋਂ ਇਲਾਵਾ ਲੋਕਾਂ ਦੇ ਸਥਾਨਕ ਰੀਤੀ ਰਿਵਾਜ਼, ਧਾਰਮਿਕ ਵਿਸ਼ਵਾਸ, ਆਰਥਿਕ, ਰਾਜਨੀਤਿਕ ਅਤੇ ਵਿਦਿਅਕ ਸੂਝ ਵੀ ਪ੍ਰਭਾਵੀ ਰੋਲ ਅਦਾ ਕਰਦੀ ਹੈ। ਦੁਆਬੇ ਦੀਆਂ ਲੋਕ ਕਥਾਵਾਂ ਇਕ ਖਾਸ ਖਿੱਤੇ ਨਾਲ ਸਬੰਧਤ ਹੋਣ ਕਰਕੇ ਵੰਨ ਸੁਵੰਨੀਆਂ ਹਨ। ਹਰੇਕ ਲੋਕ ਕਥਾ ਦਾ ਆਪਣਾ ਇਕ ਅਲੱਗ ਕਥਾ ਸੰਸਾਰ ਹੈ। ਕਈ ਲੋਕ ਕਥਾਵਾਂ ਇਕ ਖਾਸ ਧਰਮ ਦਾ ਅੰਗ ਬਣ ਗਈਆਂ ਹਨ। ਜਿਸ ਕਰਕੇ ਇਹ ਧਾਰਮਿਕ ਤਬਕਾ ਇਹਨਾਂ ਲੋਕ ਕਥਾਵਾਂ ਵਿਚ ਖਾਸ ਧਾਰਮਿਕ ਭਾਵਨਾ ਰੱਖਦਾ ਹੈ। ਕਈ ਲੋਕ ਕਥਾਵਾਂ ਅਜਿਹੀਆਂ ਵੀ ਹਨ, ਜਿਹਨਾਂ ਦਾ ਕਥਾਨਕ ਇਕੋ ਜਿਹਾ ਹੀ ਹੈ ਪਰ ਇਹ ਧਰਮ ਅਤੇ ਇਲਾਕੇ ਅਨੁਸਾਰ ਆਪਣੇ ਮੁੱਖ ਪਾਤਰ 'ਨਾਇਕ' ਦਾ ਨਾਂ ਬਦਲ ਲੈਂਦੀਆਂ ਹਨ।

ਦੁਆਬੇ ਦੀਆਂ ਲੋਕ ਕਥਾਵਾਂ ਦੇ ਦਾਇਰੇ ਦਾ ਸਭ ਤੋਂ ਪ੍ਰਮਾਣਿਕ ਆਧਾਰ ਉਪ-ਭਾਸ਼ਾ ਹੀ ਹੈ। ਕੋਈ ਵੀ ਲੋਕ ਕਥਾ ਇਸ ਦਾਇਰੇ ਨੂੰ ਨਹੀਂ ਉਲੰਘਦੀ। ਜੇਕਰ ਦੁਆਬੇ ਦੀ ਕੋਈ ਲੋਕ ਕਥਾ ਕਿਸ ਹੋਰ ਉਪ-ਭਾਸ਼ਾਈ ਖੇਤਰ ਵਿਚ ਜਾਵੇਗੀ ਤਾਂ ਇਸ ਉਤੇ ਉਸ ਖੇਤਰ ਦੀ ਉਪ ਭਾਸ਼ਾ ਦੀ ਮੋਹਰ ਲੱਗ ਜਾਵੇਗੀ। ਵੱਖ-ਵੱਖ ਧਰਮਾਂ ਤੇ ਫਿਰਕਿਆਂ ਦੀਆਂ ਆਪੋ-ਆਪਣੀਆਂ ਰਸਮਾਂ ਹੁੰਦੀਆਂ ਹਨ। ਇਹਨਾਂ ਰਸਮਾਂ ਦੇ ਆਧਾਰ ਤੇ ਲੋਕ ਕਥਾਵਾਂ ਦੀ ਸਿਰਜਣਾ ਹੁੰਦੀ ਹੈ। ਜਾਤਾਂ ਕਿੱਤਿਆਂ ਦੇ ਆਧਾਰ ਤੇ ਇਹਨਾਂ ਵਿਚ ਵੱਖਰਾਪਣ ਆਉਂਦਾ ਹੈ। ਔਰਤ, ਮਰਦ, ਬੱਚੇ, ਬਜ਼ੁਰਗ ਅਤੇ ਅੱਲ੍ਹੜਾਂ ਦੀ ਜੀਵਨ ਦ੍ਰਿਸ਼ਟੀ ਮੇਲ ਨਹੀਂ ਖਾਂਦੀ। ਵਿਸ਼ੇਸ਼ ਪ੍ਰਕਾਰ ਦੇ ਸਮਾਜਿਕ ਮੌਕਿਆਂ ਜਿਵੇਂ ਮੇਲੇ, ਤਿੱਥ-ਤਿਉਹਾਰ, ਲੋਕ-ਖੇਡਾਂ, ਵਿਆਹ, ਮਰਗਤ, ਧਾਰਮਿਕ ਪ੍ਰੋਗਰਾਮ ਆਦਿ ਉਤੇ ਜੁੜੇ ਲੋਕਾਂ ਦੀ ਵਿਸ਼ੇਸ਼ ਮਨੋਦਸ਼ਾ, ਵਿਸ਼ੇਸ਼ ਰਚਨਾ ਰੂਪਾਂ ਦੀਆਂ ਲੋਕ ਕਥਾਵਾਂ ਦੀ ਸਿਰਜਣਾ ਹੁੰਦੀ ਹੈ। ਇਹ ਦਾਇਰੇ ਪੱਕੇ ਤੌਰ ਤੇ ਨਹੀਂ ਹਨ। ਇਹ ਬਣਦੇ ਟੁੱਟਦੇ ਰਹਿੰਦੇ ਹਨ, ਕਿਉਂਕਿ 'ਲੋਕ' ਇਕ ਜੀਵੰਤ ਧਾਰਾ ਹੈ। ਇਸ ਤਰ੍ਹਾਂ 'ਲੋਕਧਾਰਾ' ਦਾ ਹਰ ਦਾਇਰਾ ਆਪੋ ਆਪਣੀਆਂ ਪ੍ਰੰਪਰਾਵਾਂ ਤੇ ਰੂੜੀਆਂ ਨੂੰ ਨਿਭਾਉਂਦਾ ਹੋਇਆ ਆਪਣੀ ਚਾਲੇ ਤੁਰਿਆ ਰਹਿੰਦਾ ਹੈ।

ਲੋਕ ਕਥਾਵਾਂ ਵਿਚ ਪੇਸ਼ ਹੋਇਆ ਅਨੁਭਵ ਸਰਬ-ਸਧਾਰਨ ਅਨੁਭਵ ਹੁੰਦਾ ਹੈ। ਲੋਕ ਕਥਾਵਾਂ ਪ੍ਰੰਪਰਾ ਨਾਲ ਜੁੜੀਆਂ ਹੋਣ ਦੇ ਬਾਵਜੂਦ ਬਦਲਦੇ ਜੀਵਨ ਅਨੁਭਵ ਨੂੰ ਆਪਣੇ ਵਿਚ ਸਮਾਉਣ ਲਈ ਯਤਨਸ਼ੀਲ ਰਹਿੰਦੀਆਂ ਹਨ। ਦੁਆਬੇ ਦੀਆਂ ਲੋਕ ਕਥਾਵਾਂ ਦਾ ਦ੍ਰਿਸ਼ਟੀਗਤ ਅਧਿਐਨ ਕਰਦਿਆਂ ਪਤਾ ਚੱਲਦਾ ਹੈ ਕਿ ਇਹਨਾਂ ਲੋਕ ਬਿਰਤਾਂਤਾਂ ਰਾਹੀਂ ਸਮਾਜ ਵਿਚ ਪ੍ਰਚੱਲਿਤ ਮਰਿਆਦਾ ਨੂੰ ਉਸਦੇ ਪ੍ਰਮਾਣਿਕਤਾ ਸਮੇਤ ਪੇਸ਼ ਕੀਤਾ ਜਾਂਦਾ ਹੈ। ਕਈ ਲੋਕ ਕਹਾਣੀਆਂ ਸਮਾਜਿਕ ਮਰਿਆਦਾ ਦੇ ਗੁੱਝੇ ਰਹੱਸਾਂ ਨੂੰ ਖੋਲ੍ਹਣ ਅਤੇ ਉਹਨਾਂ ਦੇ ਗੁਪਤ ਅਰਥਾਂ ਨੂੰ ਪ੍ਰਗਟ ਕਰਨ ਵੱਲ ਰੁਚਿਤ ਹੁੰਦੀਆਂ ਹਨ। ਲੋਕ ਕਹਾਣੀ ਨੂੰ ਅਧਿਐਨ ਵਿਸ਼ਲੇਸ਼ਣ ਦਾ ਵਿਸ਼ਾ ਬਣਾਉਂਦੇ ਸਮੇਂ ਤਾਂ ਕਈ ਅਹਿਮ ਨੁਕਤੇ ਉਜਾਗਰ ਹੁੰਦੇ ਹਨ। ਲੋਕ ਕਹਾਣੀ ਦੀ ਬੁਨਿਆਦੀ ਧਰਾਤਲ ਤਾਂ ਭਾਸ਼ਾ ਹੀ ਹੁੰਦੀ ਹੈ ਪਰ ਸੰਦੇਸ਼ ਸੰਚਾਰ ਦੀ ਪ੍ਰਕਿਰਿਆ ਵਿਚ ਵਸਤਾਂ, ਪਾਤਰ, ਸਥਿਤੀਆਂ, ਲੈਣ-ਦੇਣ, ਰਿਸ਼ਤਾ ਨਾਤਾ ਪ੍ਰਣਾਲੀ, ਲਾਭ-ਹਾਣ ਦਾ ਵੀ ਵਿਸ਼ੇਸ਼ ਮਹੱਤਵ ਹੈ।

ਹੱਥਲੇ ਸੰਗ੍ਰਹਿ ਵਿਚ ਸ਼ਾਮਲ ਲੋਕ ਕਥਾਵਾਂ ਦੁਆਬੇ 'ਚੋਂ ਹੀ ਇਕੱਤਰ ਕੀਤੀਆਂ ਗਈਆਂ ਹਨ। ਇਹਨਾਂ ਲੋਕ ਕਥਾਵਾਂ ਦੇ ਆਧਾਰ ਤੇ ਹੀ ਮੈਂ ਆਪਣੇ ਪੀ. ਐਚ. ਡੀ. ਦੇ ਖੋਜ ਕਾਰਜ ਨੂੰ ਮੁਕੰਮਲ ਕੀਤਾ ਹੈ। ਸੰਗ੍ਰਹਿ ਦੀ ਪਹਿਲੀ ਲੋਕ ਕਥਾ 'ਚਾਰ ਕੀਮਤੀ ਗੱਲਾਂ' ਅਤ ਲੋਕ ਕਥਾ 'ਨਿੰਦਕ' ਮੈਂ ਆਪਣੇ ਪਿੰਡ ਸਾਹਰੀ ਦੇ ਜੋਗਿੰਦਰ ਤੋਂ ਸੁਣੀਆਂ, ਜਿਹੜਾ ਵਾਣ ਵੱਟਣ ਦਾ ਕੰਮ ਕਰਦਾ ਹੈ। ਜੋਗਿੰਦਰ ਦੀਆਂ ਅੱਖਾਂ ਦੀ ਨਜ਼ਰ ਕਾਫੀ ਕਮਜ਼ੋਰ ਹੋ ਗਈ ਹੈ ਪਰ ਫਿਰ ਵੀ ਇਸ ਦੁਆਰਾ ਵੱਟਿਆ ਮੁੰਜ ਦਾ ਵਾਣ ਕਮਾਲ ਹੈ ਅਤੇ ਇਲਾਕੇ ਵਿਚ ਮਸ਼ਹੂਰ ਹੈ। 'ਚਾਰ ਕੀਮਤੀ ਗੱਲਾਂ' ਲੋਕ ਕਹਾਣੀ ਵਿਚ ਚਾਰ ਅਹਿਮ ਨੁਕਤੇ ਜਿਹਨਾਂ ਦੀ ਲੋਕ ਵਿਹਾਰਕ ਜ਼ਿੰਦਗੀ ਵਿਚ ਬੜੀ ਮਹੱਤਤਾ ਹੈ, ਦੀ ਪੇਸ਼ਕਾਰੀ ਹੋਈ ਹੈ।

ਜ਼ਿਲ੍ਹਾ ਜਲੰਧਰ ਦੇ ਪਿੰਡ ਸੰਗਢੇਸੀਆਂ ਦੇ ਬਿਰਤਾਂਤਕਾਰ ਡੋਗਰ ਕੋਲੋਂ ਜਦ ਮੈਂ ਲੋਕ ਕਥਾਵਾਂ ਸੁਣਨ ਗਿਆ ਤਾਂ ਭਰ ਗਰਮੀਆਂ ਦਾ ਸਮਾਂ ਸੀ। ਪਿੰਡ ਵਿਚ ਇਕ ਸਾਈਕਲਾਂ ਦਾ ਖੋਖਾ ਜਿੱਥੇ ਇਹ ਬਜ਼ੁਰਗ ਅਕਸਰ ਆਪਣੇ ਜੋਟੀਦਾਰਾਂ ਨਾਲ ਆ ਕੇ ਬੈਠਦਾ ਸੀ, ਦਾ ਮੈਨੂੰ ਦੋ-ਢਾਈ ਘੰਟੇ ਇੰਤਜ਼ਾਰ ਕਰਨਾ ਪਿਆ। ਕੱਪੜੇ ਪਸੀਨੇ ਨਾਲ ਗਹਿ-ਗੱਚ ਹੋ ਗਏ। ਮੇਰੇ ਇੰਤਜ਼ਾਰ ਦੀਆਂ ਘੜੀਆਂ ਮੁੱਕਣ ਤੋਂ ਪਹਿਲਾਂ ਡੋਗਰ ਆਪਣੇ ਜੋਟੀਦਾਰਾਂ ਨਾਲ ਤਿਆਰ ਬਿਆਰ ਹੋ ਕੇ ਆ ਗਿਆ। ਸਾਈਕਲ ਮਕੈਨਿਕ ਨੇ ਚਾਹ ਪਿਆਈ ਅਤੇ ਡੋਗਰ ਨੇ ਮਨ ਵਿਚ ਪਏ ਲੋਕ ਕਥਾਵਾਂ ਦੇ ਖਜ਼ਾਨੇ ਨੂੰ ਉਲੱਦਣਾ ਪਲੱਦਣਾ ਸ਼ੁਰੂ ਕਰ ਦਿੱਤਾ। ਉਸਨੇ ਸਿਕੰਦਰ ਤੇ ਪੋਰਸ ਅਤੇ ਰਾਜਾ ਜਨਕ ਬਾਰੇ ਲੰਬੀਆਂ ਕਥਾਵਾਂ ਸੁਣਾਈਆਂ। ਲੋਕ ਮਨ ਵਿਚ ਪੰਜਾਬੀ ਸੂਰਮੇ ਪੋਰਸ ਦੀ ਬਹਾਦਰੀ ਤੇ ਜ਼ਿੰਦਾਦਿਲੀ ਦੇ ਸੰਕਲਪ ਅਤੇ ਰਾਜਾ ਜਨਕ ਦੀ ਜਗਿਆਸੂ ਤੀਬਰਤਾ ਦੇ ਦੀਦਾਰ ਹੁੰਦੇ ਹਨ। ਜਦੋਂ ਲੋਕ ਕਥਾ 'ਚ ਭੈਣ ਭਰਾ ਦੇ ਰਿਸ਼ਤੇ ਦੀ ਗੱਲ ਆਈ ਤਾਂ ਡੋਗਰ ਦੀਆਂ ਅੱਖਾਂ ਦੇ ਕੋਏ ਪਾਣੀ ਨਾਲ ਭਰ ਗਏ। ਵਿਦਾ ਹੁੰਦੇ ਸਮੇਂ ਜਦ ਮੈਂ ਡੋਗਰ ਤੋਂ ਉਸਦਾ ਅਸਲ ਨਾਂ ਪੁੱਛਿਆ ਤਾਂ ਉਸ ਨੇ ਖਿੜ-ਖਿੜਾ ਕੇ ਇੰਝ ਕਿਹਾ:

ਪਿਤਾ ਜੀ ਮਾਸਟਰ ਬਿਸ਼ਨ ਦਾਸ ਹੈਂ,
ਰੌਸ਼ਨ ਮੇਰਾ ਨਾਮ।
ਰੌਸ਼ਨ ਮੈਨੂੰ ਕੋਈ ਕੋਈ ਕਹਿੰਦਾ
ਡੋਗਰ ਕਹਿੰਦੇ ਆਮ।

ਕਾਕਾ ਮੈਨੂੰ ਸਾਰਾ ਇਲਾਕਾ ਡੋਗਰ ਦੇ ਨਾਂ ਨਾਲ ਜਾਣਦਾ। ਮੇਰੇ ਪਿੰਡ ਦੇ ਕਾਬਲ ਚੰਦ ਮਿਸਤਰੀ ਜਿਹੜਾ 94 ਸਾਲ ਦੀ ਉਮਰ ਵਿਚ ਵੀ ਰੰਬੇ, ਦਾਤੀਆਂ, ਕਹੀਆਂ ਲੋਹਾ ਕੁੱਟ-ਕੁੱਟ ਕੇ ਬਣਾਉਂਦਾ ਰਿਹਾ ਪਾਸੋਂ ਮੈਂ ਪੰਦਰਾਂ ਦੇ ਲੱਗਭੱਗ ਲੋਕ ਕਥਾਵਾਂ ਸੁਣੀਆਂ। ਕਾਬਲ ਚੰਦ ਹੁਣ ਦੁਨੀਆ ਤੇ ਨਹੀਂ ਰਿਹਾ ਪਰ ਇਹਨਾਂ ਲੋਕ ਕਥਾਵਾਂ ਜ਼ਰੀਏ ਮਿਸਤਰੀ ਜਿਉ ਜਾਗਦਾ ਜਾਪਦਾ ਹੈ। ਮੇਰੀ ਇਹਦੇ ਨਾਲ ਗੂੜ੍ਹੀ ਦੋਸਤੀ ਨਿਭੀ। ਜੇਕਰ ਮੈਂ ਹਫਤਾ ਦਸ ਦਿਨ ਕਾਬਲ ਚੰਦ ਕੋਲ ਨਾ ਜਾਂਦਾ ਤਾਂ ਇਹ ਮੇਰੇ ਕੋਲ ਆ ਜਾਂਦਾ। ਅਸੀਂ ਘੰਟਿਆਂ ਬੱਧੀ ਬੈਠ ਕੇ ਲੋਕ ਕਥਾਵਾਂ ਸੰਗ ਸਾਂਝ ਪਾਈ ਰੱਖਦੇ। ਇਸ ਸੰਗ੍ਰਹਿ ਵਿਚ ਧੇ ਸੱਚ ਕਿ ਵੋ ਸੱਚ, ਪੇਸ਼ਾਵਰ ਡੁਬਦਾ, ਅਮਲ, ਵੱਡਾ ਮੰਗਤਾ, ਔਲਾਦ, ਘਰ ਦੀ ਇੱਜਤ ਲੋਕ ਕਥਾਵਾਂ ਕਾਬਲ ਚੰਦ ਮਿਸਤਰੀ ਦੀਆਂ ਸੁਣਾਈਆਂ ਹਨ। ਕਾਬਲ ਚੰਦ ਨੇ ਸਾਰੀ ਉਮਰ ਵਿਆਹ ਨਹੀਂ ਕਰਾਇਆ। ਕੀਤੀ ਕਮਾਈ ਨਾਲ ਪਿਓ-ਭਰਾਵਾਂ ਦੀ ਕਬੀਲ ਦਾਰੀ ਹੀ ਨਜਿੱਠਦਾ ਰਿਹਾ। ਕਾਬਲ ਚੰਦ ਮਿਸਤਰੀ ਦੇ ਭਰਾਤਾ ਗਿਆਨ ਚੰਦ ਜੋ ਪਿੰਡ ਕਾਹਰੀ ਰਹਿੰਦਾ ਸੀ ਨੇ ਚੋਰੀ, ਰੱਬ ਦੇ ਦੂਤ, ਕੁੜੀ ਦਾ ਵਿਆਹ ਅਤੇ ਉਸਤਾਦ ਦੇ ਨੁਕਤੇ ਲੋਕ ਕਥਾਵਾਂ ਸੁਣਾਈਆਂ। ਸੇਵਾ ਮੁਕਤ ਸਟੇਟ ਐਵਾਰਡੀ ਮੁੱਖ ਅਧਿਆਪਕ ਹਰੀ ਦਾਸ ਪਿੰਡ ਬਡਲਾ ਹੁਸ਼ਿਆਰਪੁਰ ਨੇ ਬਿਕਰਮਜੀਤ ਤੇ ਸੰਨਿਆਸੀ, ਜ਼ਿਦਬਾਜੀ, ਬਿਕਰਮਾਜੀਤ ਤੋਤੇ ਦੇ ਰੂਪ ਵਿਚ ਅਤੇ ਬਿਕਰਮ ਬੇਤਾਲ ਲੋਕ ਕਥਾਵਾਂ ਸੁਣਾਈਆਂ। ਮਾਸਟਰ ਭੁਪਿੰਦਰ ਸਿੰਘ ਪਿੰਡ ਪੰਡੋਰੀ ਕੱਦ ਹੁਸ਼ਿਆਰਪੁਰ ਨੇ ਵਿਸ਼ਵਾਸ, ਪ੍ਰਮਾਤਮਾ ਜੋ ਕਰਦਾ ਵਧੀਆ ਕਰਦਾ, ਵਿਸ਼ਵਾਸ ਸਵੈ ਵਿਸ਼ਵਾਸ ਲੋਕ ਕਥਾਵਾਂ ਸੁਣਾਈਆਂ। ਹੁਸ਼ਿਆਰਪੁਰ ਜ਼ਿਲ੍ਹੇ ਦੇ ਬੀਤ ਇਲਾਕੇ ਦੇ ਪਿੰਡ ਕੋਟ ਮੈਰ੍ਹਾ ਦਾ ਬਜ਼ੁਰਗ ਹਜ਼ਾਰਾ ਸਿੰਘ ਮੈਨੂੰ ਅੱਜ ਤੱਕ ਨਹੀਂ ਭੁੱਲਦਾ। ਇਸੇ ਪਿੰਡ ਮੇਰੀ ਧਰਮ-ਪਤਨੀ ਨੂੰ ਨਵੀਂ ਨਵੀਂ ਨੌਕਰੀ ਮਿਲੀ ਸੀ। ਮੈਂ ਆਪਣੇ ਸਕੂਲੋਂ ਛੁੱਟੀ ਲੈ ਕੇ ਇਸ ਬਜ਼ੁਰਗ ਨੂੰ ਮਿਲਣ ਗਿਆ। ਇਹ ਲੋਕ ਧਾਰਾ ਦਾ ਅਮੁਲ ਸੋਮਾ ਲਗਾਤਾਰ ਢਾਈ-ਤਿੰਨ ਘੰਟੇ ਮੇਰੇ ਨਾਲ ਲੋਕਧਾਰਕ ਸਮੱਗਰੀ ਸਾਂਝੀ ਕਰੀ ਗਿਆ। ਕਦੇ ਆਪਣੀ ਮਸਤੀ 'ਚ ਗਾਉਣ ਲੱਗ ਪਵੇ ਤੇ ਕਦੇ ਲੋਕ ਕਥਾ ਸੁਣਾਉਣ। ਇਸ ਪਾਸੋਂ ਰਿਕਾਰਡ ਕੀਤੀ ਸਮੱਗਰੀ ਨੂੰ ਲਿਖਣ ਲਈ ਮੈਨੂੰ ਪੰਦਰਾਂ ਦਿਨ ਲੱਗ ਗਏ। ਹਜ਼ਾਰਾ ਸਿੰਘ ਨੇ ਮੈਨੂੰ ਸਦਕੇ ਜਾਵਾਂ ਬਿਚਲੀ ਦੇ, ਅਸਲ ਪ੍ਰੀਖਿਆ, ਪ੍ਰਹਲਾਦ ਨੂੰ ਸੱਟ, ਰਾਜਾ ਬਲ ਤੇ ਸੋਹਬਤ ਦਾ ਅਸਰ ਲੋਕ ਕਥਾਵਾਂ ਸੁਣਾਈਆਂ। ਹਜ਼ਾਰਾ ਸਿੰਘ ਵਰਗਾ ਹੀ ਇਕ ਬਜ਼ੁਰਗ ਪਿੰਡ ਕਾਹਰੀ ਦਾ ਨਰੰਜਨ ਸਿੰਘ ਹੈ। ਇਸਨੇ ਲੰਬੀ ਉਮਰ ਦਾ ਰਾਜ਼, ਔਰਤਾਂ ਸੌਣ ਲੱਗੀਆਂ ਮੂੰਹ ਕਿਉਂ ਢੱਕਦੀਆਂ, ਲਛਮਣ ਜਤੀ ਮਿੱਥਾਂ ਸੁਣਾਈਆਂ। ਪਿੰਡ ਰਾਜਪੁਰ ਭਾਈਆਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਤਸੰਗ ਘਰ ਵਿਚ ਸੇਵਾ ਕਰਦਾ ਬਜ਼ੁਰਗ ਊਧਮ ਸਿੰਘ ਨੇ ਸੇਵਕ ਤੇ ਗੁਰੂ, ਅਦੁੱਤੀ ਮੰਤਰ, ਬੀਰਬਲ ਦੀ ਹਾਰ, ਗਰਜ਼, ਅਕਬਰ ਤੇ ਬੀਰਬਲ ਅਤੇ ਹਵਾ ਸਰਨਾ ਦੰਦ ਕਥਾਵਾਂ ਸੁਣਾਈਆਂ। ਪਿੰਡ ਨਸਰਾਲਾ ਜ਼ਿਲ੍ਹਾ ਹੁਸ਼ਿਆਰਪੁਰ ਦਾ ਬਿਰਤਾਂਤਕਾਰ ਬਖਸ਼ੀ ਰਾਮ ਮੈਨੂੰ ਲੋਕ ਕਥਾਵਾਂ ਸੁਣਾਉਣ ਦਾ ਵਾਅਦਾ ਕਰਕੇ ਜੰਝ ਘਰ ਬਿਠਾ ਗਿਆ ਤੇ ਮੁੜ ਕੇ ਕਈ ਚਿਰ ਆਇਆ ਹੀ ਨਹੀਂ। ਮੈਂ ਬੈਠਾ ਬੈਠਾ ਅੱਕ ਗਿਆ। ਫਿਰ ਅੱਧੇ ਪੌਣੇ ਘੰਟੇ ਬਾਅਦ ਦੋ ਤਿੰਨ ਬਜ਼ੁਰਗ ਹੋਰ ਆ ਗਏ। ਆ ਕੇ ਕਹਿਣ ਲੱਗੇ, ਬਖਸ਼ੀ ਵੀ ਔਂਦਾ ਪਿਆ। ਅੱਗ ਪੌਂਦਾ ਸੀ ਚਿਲਮ 'ਚ ਹਾਲੇ। ਬਖਸ਼ੀ ਰਾਮ ਨੇ ਸਵਾਲ ਜਵਾਬ ਕਰਦਿਆਂ ਕਾਨ੍ਹ ਬਜਾਈ ਬਾਂਸਰੀ, ਵਰ ਆਖਰ ਸਰਾਪ, ਹਨੂਮਾਨ ਗੋਰਖ ਨਾਥ ਤੇ ਮਛੰਦਰ ਨਾਥ, ਗੁੱਗਾ ਤੇ ਸਿਲੀਅਰ ਲੋਕ ਕਥਾਵਾਂ ਸੁਣਾਈਆਂ। ਬਿਰਤਾਂਤਕਾਰਾਂ ਵਿਚ ਸਿਰਫ ਮਰਦ ਹੀ ਨਹੀਂ ਔਰਤਾਂ ਵੀ ਸ਼ਾਮਲ ਹਨ। ਆਮ ਕਰਕੇ ਕਿਹਾ ਜਾਂਦਾ ਹੈ ਕਿ ਔਰਤਾਂ ਜ਼ਿਆਦਾ ਲੋਕ ਗੀਤ ਗਾਉਣ ਵਿਚ ਹੀ ਯਕੀਨ ਰੱਖਦੀਆਂ ਹਨ ਪਰ ਲੋਕ ਕਥਾਵਾਂ ਇਕੱਤਰ ਕਰਨ ਸਮੇਂ ਪਤਾ ਲੱਗਾ ਕਿ ਔਰਤਾਂ ਕੋਲ ਲੋਕ ਕਥਾਵਾਂ ਦਾ ਵੀ ਖਾਸ ਖਜ਼ਾਨਾ ਹੈ। ਇਸ ਸੰਗ੍ਰਹਿ ਵਿਚ ਸੇਰ ਨੂੰ ਸਵਾ ਸੇਰ ਲੋਕ ਕਥਾ ਨੰਜੋ ਪਿੰਡ ਮਲਕੋ ਜ਼ਿਲ੍ਹਾ ਜਲੰਧਰ ਨੇ ਸੁਣਾਈ। ਮਨਜੀਤ ਕੌਰ ਹੁਸ਼ਿਆਰਪੁਰ ਪਾਸੋਂ ਦੋ ਲੋਕ ਕਥਾਵਾਂ ਸਿਰ ਤੇ ਸੱਪ ਅਤੇ ਆਦਰ ਸੁਣੀਆਂ। ਮਹਿੰਦਰ ਕੌਰ ਸਾਹਰੀ ਹੁਸ਼ਿਆਰਪੁਰ ਨੇ ਮੱਥੇ ਚੰਨ ਚੀਚੀ ਤਾਰਾ ਅਤੇ ਪੰਜ ਫੁੱਲਾਂ ਸ਼ਹਿਜ਼ਾਦੀ ਲੋਕ ਕਹਾਣੀਆਂ ਸੁਣਾਈਆਂ। ਮੀਤੋ ਲੜੋਈ ਮੀਤੋ ਲੜੋਈ ਜਲੰਧਰ ਨੇ ਮੱਕੀ ਦਾ ਦਾਦਾ ਦੰਦ ਕਥਾ ਸੁਣਾਈ। ਦਾਨ ਅਤੇ ਗੁਜ਼ਰੀ ਲੋਕ ਕਹਾਣੀਆਂ ਸੱਤਿਆ ਦੇਵੀ ਸਾਹਰੀ ਹੁਸ਼ਿਆਰਪੁਰ ਨੇ ਸੁਣਾਈਆਂ। ਗੁਜਰੀ ਲੋਕ ਕਹਾਣੀ ਸੱਤਿਆ ਦੇਵੀ ਨੇ ਦੁਆਬੇ ਦੇ ਜ਼ਿਲ੍ਹੇ ਹੁਸ਼ਿਆਰਪੁਰ ਦੇ ਕਸਬੇ ਜੇਜੋਂ ਦੀਆਂ ਨੀਵਾਣਾਂ ਤੇ ਵਸੇ ਪਿੰਡ ਚੰਦੇਲੀ ਵਿਖੇ ਆਪਣੀ ਦਾਦੀ ਤੋਂ ਸੁਣੀ ਸੀ। ਇਹ ਗੱਲ ਪੱਥਰ ਤੇ ਲਕੀਰ ਹੈ ਕਿ ਲੋਕ ਕਹਾਣੀਆਂ ਦਾ ਮੂੰਹ ਮੁਹਾਂਦਰਾ ਇਕ ਇਲਾਕੇ ਤੋਂ ਦੂਜੇ ਇਲਾਕੇ ਅਤੇ ਇਕ ਬਿਰਤਾਂਤਕਾਂ ਤੋਂ ਦੂਜੇ ਬਿਰਤਾਂਤਕਾਰ ਤੱਕ ਉਹਨਾਂ ਦੇ ਆਪਣੇ ਭੂਗੋਲਿਕ ਅਤੇ ਰਸਮਾਂ ਰਿਵਾਜ਼ਾਂ ਅਨੁਸਾਰ ਬਦਲਦਾ ਰਹਿੰਦਾ ਹੈ। ਇਸ ਲੋਕ ਕਹਾਣੀ ਸੰਗ ਸੰਵਾਦ ਰਚਾਉਂਦਿਆਂ ਜਦ ਉਚੀ ਨੀਵੀਂ ਧਰਤੀ ਅਤੇ ਚੋਅ ਪਾਰ ਕਰਨ ਵਾਲੀ ਗੱਲ ਆਈ ਤਾਂ ਪਤਾ ਲੱਗਾ ਹੈ ਕਿ ਉਹ ਇਸ ਇਲਾਕੇ ਦੀ ਭੂਗੋਲਿਕ ਸਥਿਤੀ ਦੀ ਹੀ ਬਾਤ ਪਾਉ ਹੈ। ਮਾਹਿਲਪੁਰ ਤੋਂ ਉਤਰ ਵਾਲਾ ਪਾਸਾ ਸ਼ਿਵਾਲਕ ਪਹਾੜੀਆਂ ਦੀ ਗੋਦ ਅੰਦਰ ਹੀ ਨਿਸਰਿਆ ਹੈ। ਪਹਾੜੀ ਇਲਾਕਾ ਹੋਰ ਕਰਕੇ ਧਰਤੀ ਦਾ ਉਚਾ ਨੀਵਾਂ ਹੋਣਾ ਵਾਜਬ ਹੈ। ਦੂਸਰਾ ਹੁਸ਼ਿਆਰਪੁਰ ਜ਼ਿਲ੍ਹਾ ਚੋਆਂ ਦੀ ਧਰਤੀ ਹੈ। ਇਕੱਲੇ ਇਸ ਜ਼ਿਲ੍ਹੇ ਵਿਚ ਹੀ 93 ਚੋਅ (ਬਰਸਾਤੀ ਨਦੀਆਂ) ਵੱਗਦੇ ਹਨ। ਪੰਜ ਫੁੱਲਾਂ ਸ਼ਹਿਜ਼ਾਦੀ ਲੋਕ ਕਹਾਣੀ ਗਿਆਨੀ ਗੁਰਦਿੱਤ ਸਿੰਘ ਦੇ ਸੰਗ੍ਰਹਿ ਵਿਚ ਸ਼ਾਮਲ ਲੋਕ ਕਹਾਣੀ ਆਕਾਰ ਪੱਖੋਂ ਵੀ ਵੱਡੀ ਹੈ ਅਤੇ ਇਸ ਵਿਚ ਪੰਜ ਫੁੱਲਾਂ ਸ਼ਹਿਜ਼ਾਦੀ ਨੂੰ ਪ੍ਰਾਪਤ ਕਰਨ ਲਈ ਸੰਘਰਸ਼ ਵੀ ਜ਼ਿਆਦਾ ਦਿਖਾਇਆ ਗਿਆ ਹੈ। ਇਸ ਤੋਂ ਪਤਾ ਚਲਦਾ ਹੈ ਕਿ ਮੰਜ਼ਿਲ ਪ੍ਰਾਪਤੀ ਲਈ ਔਖੇ ਪੈਂਡਿਆਂ ਦਾ ਸਫਰ ਸਰ ਕਰਨਾ ਪੈਂਦਾ ਹੈ।

ਉਜਾਗਰ ਰਾਮ ਸਾਹਰੀ ਹੁਸ਼ਿਆਰਪੁਰ ਨੇ ਮਾਂ ਦਾ ਕਰਜ਼, ਆਹਲਾ ਦਿਮਾਗ, ਤਪੱਸਵੀ ਗੌਤਮ, ਕੇਬਲ ਰਾਮ ਲੈਕਚਰਾਰ ਪੰਜਾਬੀ ਮਾਹਿਲਪੁਰ ਨੇ ਸੱਚ ਦੀ ਓਟ, ਗਿਆਨ ਮੁਕਾਬਲਾ, ਸਾਬਕਾ ਸਰਪੰਚ ਗੁਰਦਾਸ ਰਾਮ ਬਸੀ ਦੌਲਤ ਖਾਂ ਹੁਸ਼ਿਆਰਪੁਰ ਨੇ ਵਜ਼ੀਰ ਦੀ ਲੜਕੀ, ਖੁਸ਼ੀਆ ਰਾਮ ਅਸਲਪੁਰ ਹੁਸ਼ਿਆਰਪੁਰ ਨੇ ਮਿੱਥ ਕਥਾ ਕਰਮ ਵੱਡਾ ਕਿ ਧਰਮ, ਮਦਨ ਲਾਲ ਪੰਜਾਬੀ ਮਾਸਟਰ ਹੁਸ਼ਿਆਰਪੁਰ ਨੇ ਭਗਤਾਂ ਦਾ ਦਰਜਾ, ਸੋਹਣ ਸਿੰਘ ਸਾਹਰੀ ਹੁਸ਼ਿਆਰਪੁਰ ਨੇ ਲੱਭੂ-ਗੁਆਚੂ, ਸੀਤਾ ਰਾਮ ਕੋਟ ਮੈਰ੍ਹਾ ਹੁਸ਼ਿਆਰਪੁਰ ਨੇ ਦਰਦੀ ਰਾਜਾ, ਪਾਰਸ, ਪਰਸੂ ਪਰਸਾ ਪਰਸ ਰਾਮ, ਪ੍ਰਿੰ. ਚਮਨ ਲਾਲ ਹੁਸ਼ਿਆਰਪੁਰ ਨ ਅਸਲੀ ਸ਼ਹਿਨਸ਼ਾਹ, ਜਾਦੂ ਦਾ ਕਮਾਲ, ਮਹਾਤਮਾ ਬੁੱਧ ਅਤੇ ਹਰੀ ਰਾਮ ਸਾਹਰੀ ਹੁਸ਼ਿਆਰਪੁਰ ਨੇ ਰਾਣੀ ਅਣਬੋਲਿਆ ਲੋਕ ਕਥਾਵਾਂ ਸੁਣਾਈਆਂ। ਲੋਕ ਕਥਾਵਾਂ ਦੀ ਤਾਦਾਦ ਦਾ ਤਾਂ ਕੋਈ ਅੰਤ ਨਹੀਂ। ਜਿੰਨੀਆਂ ਪੰਜਾਬੀ ਲੋਕ ਕਥਾਵਾਂ ਇਕੱਤਰ ਕੀਤੀਆਂ ਗਈਆਂ ਹਨ, ਉਹ ਤਾਂ ਵਣਜਾਰਾ ਬੇਦੀ ਦੇ ਕਹਿਣ ਵਾਂਗ ਬੋਹਲ 'ਚੋਂ ਇਕ ਪਰਾਗ ਦੇ ਸਮਾਨ ਹੀ ਹਨ। ਜੇਕਰ ਇਸ ਗੱਲ ਨੂੰ ਆਧਾਰ ਮੰਨ ਲਈਏ ਤਾਂ ਮਾਝੇ ਦੇ ਉਸ ਵਿਦਵਾਨ ਦੀ ਗੱਲ ਬੇਤੁਕੀ ਲੱਗਦੀ ਹੈ, ਜੋ ਆਖਦਾ ਹੈ ਕਿ ਉਸਨੇ ਮਾਝੇ ਦੀਆਂ ਸਾਰੀਆਂ ਲੋਕ ਕਥਾਵਾਂ ਇਕੱਤਰ ਕਰ ਲਈਆਂ ਹਨ। ਹਾਂ, ਇਹ ਗੱਲ ਜ਼ਰੂਰ ਹੈ ਕਿ ਜਿਹੜੇ ਬਜ਼ੁਰਗਾਂ ਕੋਲ ਇਸ ਖਜ਼ਾਨੇ ਦੀਆਂ ਖਾਸੀਆਂ ਮੋਹਰਾਂ ਹਨ, ਉਹ ਹੌਲੀ ਹੌਲੀ ਇਸ ਦੁਨੀਆਂ ਤੋਂ ਕੂਚ ਕਰਦੇ ਜਾ ਰਹੇ ਹਨ। ਪੜ੍ਹੇ ਲਿਖੇ ਨਾ ਹੋਣ ਕਰਕੇ ਉਹ ਇਸ ਖਜ਼ਾਨੇ ਨੂੰ ਲਿਖਤੀ ਰੂਪ ਵੀ ਨਾ ਦੇ ਸਕੇ। ਜੇਕਰ ਅਸੀਂ ਇਸ ਲੋਕਧਾਰਕ ਸਮੱਗਰੀ ਨੂੰ ਸਾਂਭਿਆ ਤਾਂ ਮੇਰਾ ਖਿਆਲ ਹੈ ਫਿਰ ਅਸੀਂ ਪੜ੍ਹੇ-ਲਿਖੇ ਅਨਪੜ੍ਹਾਂ ਬਰਾਬਰ ਹੀ ਹਾਂ।

ਜਿਹਨਾਂ ਬਿਰਤਾਂਤਕਾਰਾਂ ਪਾਸੋਂ ਲੋਕ ਕਥਾਵਾਂ ਸੁਣੀਆਂ, ਉਹਨਾਂ ਦਾ ਧੰਨਵਾਦ ਕਰਦਾ ਹੋਇਆ 'ਕਥਾਵਾਂ ਬਿਸਤ ਦੁਆਬ ਦੀਆਂ' ਭਾਗ ਪਹਿਲਾ ਪਾਠਕਾਂ ਦੇ ਰੂਬਰੂ ਕਰ ਰਿਹਾ ਹਾਂ। ਡਾ. ਕਰਮਜੀਤ ਸਿੰਘ ਕੁਰੂਕਸ਼ੇਤਰ ਲੋਕਧਾਰਾ ਵਿਗਿਆਨੀ ਦੁਆਰਾ ਲਾਈ ਗਈ ਚੇਟਕ ਤਹਿਤ ਲੋਕ ਕਥਾਵਾਂ ਇਕੱਤਰ ਕਰਨ ਦਾ ਕੰਮ ਬਾ-ਦਸਤੂਰ ਜਾਰੀ ਹੈ ਅਤੇ ਆਉਣ ਵਾਲੇ ਸਮੇਂ ਵਿਚ ਹੋਰ ਭਾਗਾਂ ਰਾਹੀਂ ਪਾਠਕਾਂ ਦੇ ਸਾਹਮਣੇ ਆਉਂਦਾ ਰਹੇਗਾ। ਖਾਸ ਤੌਰ ਤੇ ਧੰਨਵਾਦੀ ਹਾਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਅਮਰੀਕਾ ਹੁਰਾਂ ਦਾ ਜਿਹੜੇ ਵਿਦੇਸ਼ੀ ਧਰਤੀ ਉਤੇ ਬੈਠੇ ਹੋਏ ਵੀ ਆਪਣੇ ਲੋਕਾਂ, ਆਪਣੀ ਮਿੱਟੀ ਅਤੇ ਵਿਰਸੇ ਸੰਗ ਸਾਂਝ ਪਾਈ ਬੈਠੇ ਹਨ। ਚੁੰਬਰ 'ਦੇਸ਼ ਦੁਆਬਾ' ਅਖਬਾਰ ਰਾਹੀਂ ਦੁਆਬੇ ਦੇ ਵੱਖ ਵੱਖ ਪੱਖਾਂ ਤਹਿਤ ਪੰਜਾਬੀ ਵਿਰਾਸਤ ਦੇ ਸਰੋਕਾਰਾਂ ਦੀ ਹੀ ਪੇਸ਼ਕਾਰੀ ਕਰ ਰਿਹਾ ਹੈ।

'ਲੋਕ ਕਥਾਵਾਂ ਬਿਸਤ ਦੁਆਬ ਦੀਆਂ' ਕਥਾ ਸੰਗ੍ਰਹਿ ਦਾ ਭਗਵੰਤ ਰਸੂਲਪੁਰੀ ਦੇ ਪਰਵਾਜ਼ ਪ੍ਰਕਾਸ਼ਨ ਰਾਹੀਂ ਛਪ ਕੇ ਪਾਠਕਾਂ ਦੇ ਹੱਥ ਪਹੁੰਚਣਾ ਅਦਾਰਾ 'ਦੇਸ਼ ਦੁਆਬਾ' ਦੀ ਮਦਦ ਅਤੇ ਉਪਰਾਲੇ ਦਾ ਹੀ ਇਕ ਹਿੱਸਾ ਹੈ।

**– ਜਸਵੰਤ ਰਾਏ (ਡਾ.)**

# ਪ੍ਰੋ: ਮੋਹਨ ਸਿੰਘ ਫਾਊਂਡੇਸ਼ਨ ਰਜਿ: ਯੂ. ਐਸ. ਏ. ਵੱਲੋਂ



ਪ੍ਰੋ: ਮੋਹਨ ਸਿੰਘ

## 36ਵਾਂ ਪ੍ਰੋ. ਮੋਹਨ ਸਿੰਘ ਯਾਦਗਾਰੀ ਅੰਤਰਰਾਸ਼ਟਰੀ ਪੰਜਾਬੀ ਪਰਿਵਾਰਕ ਮੇਲਾ ਮਿਤੀ 4 ਅਤੇ 5 ਅਕਤੂਬਰ ਨੂੰ 647, SPARTAN WAY LATHROP, CA 95330 ਲੈਥਰੋਪ ਹਾਈ ਸਕੂਲ "ਸਿਟੀ ਲੈਥਰੋਪ" ਕੈਲੀਫੋਰਨੀਆ ਵਿਖੇ ਕਰਵਾਇਆ ਜਾਵੇਗਾ



ਜ਼ਿੰਦਾਦਿਲ ਸ. ਜਗਦੇਵ ਸਿੰਘ ਜੱਸੋਵਾਲ



ਰਾਜ ਭਨੋਟ | ਸੁੱਖਬੀਰ ਸਿੰਘ ਅੌਲਖ | ਮੰਗਲ ਸਿੰਘ ਭੰਡਾਲ | ਭਰਵਿੰਦਰ ਸਿੰਘ | ਪਾਲ ਸਹੋਤਾ | ਦਲਵਿੰਦਰ ਧੂਤ | ਸੰਤੋਖ ਜੱਜ | ਹਰਦੀਪ ਸਿੰਘ | ਅੰਮ੍ਰਿਤਪਾਲ ਟਿਵਾਣਾ | ਕਸ਼ਮੀਰ ਸਿੰਘ



ਜਸਵੰਤ ਸਿੰਘ ਸੈਦੋਕੇ | ਦਿਲਬਾਗ ਸਿੰਘ | ਮਿੰਦੀ ਲੋਡਾਈ | ਜਰਨੈਲ ਸਿੰਘ | ਰਮਿੰਦਰਜੀਤ ਗੋਗੀ | ਟੁੱਟ ਬਰਦਰਜ਼ | ਗਿੱਲ | ਨਿੱਝਰ ਬਰਦਰਜ਼ | ਲੱਖਾ | ਇੰਦਰਪਾਲ ਸਿੰਘ | ਸੁੱਖੀ ਮਾਨ



ਰੋਹਿਤ ਸ਼ਰਮਾ | ਤਜਿੰਦਰ ਗੋਰਾਇਆਂ | ਹਰਦਿਆਲ ਸਿੰਘ ਟੋਨੀ | ਧਰਮਿੰਦਰ ਸਿੰਘ | ਪਿਆਰਾ ਸਿੰਘ | ਜਗਜੀਤ ਸਿੰਘ | ਦਰਸ਼ਨ ਸ਼ਰਮਾ | ਨਨੂੰ ਸਹੋਤਾ | ਇੰਦਰਜੀਤ ਸਿੰਘ (ਬਿੱਲਾ) | ਸੈਮ | ਪਰਮਜੀਤ ਸਿੰਘ | ਹਰਜਿੰਦਰ ਸਿੰਘ | ਬਿਸ਼ਨ ਰੀਨੋਂ

ਫਰੀ ਐਂਟਰੀ | ਫਰੀ ਪਾਰਕਿੰਗ

**ਲੰਗਰ ਦੀ ਸੇਵਾ ਬੀ ਜੀ ਲਿੰਕ ਇਕਸਪ੍ਰੈਸ ਵੱਲੋਂ ਕੀਤੀ ਜਾਵੇਗੀ**

ACCUTRAC CAPITAL
Serving the Trucking Industry with:
• Invoice Factoring
• Fuel Cards
• Truck Permits
Amar A.D. Sandhu
Managing Director
866-531-2615 Ext 220
AccutracCapital.com

ਮੇਲੇ ਦੇ ਗਰੈਂਡ ਸਪਾਂਸਰ, ਗਿੱਲ ਐਕਸਪ੍ਰੈਸ, ਟਰੱਕ ਰਿਪੇਅਰ ਐਂਡ ਵਾਸ਼
GILL EXPRESS
ਨਵੀਂ ਲੁਕੇਸ਼ਨ ਮੈਪਸ ਖੋਲ੍ਹੀ ਹੈ
ਹੋਰ ਜਾਣਕਾਰੀ ਲਈ ਕਾਲ
661-203-0433

SIDHU CHIROPRACTIC HEALTHCARE
708-E, YOSEMITE AVE MANTECA, CA 95336
209-824-3100 fax : 209-824-6800
DR. SANDY K. SIDHU
CHIROPRACTIC PHYSICIAN
➤ ਬੈਕ ਦਰਦ, ਨੈੱਕ ਦਰਦ, ਕੋਈ ਮਸਲ ਦਰਦ ਕਰਦਾ ਹੋਵੇ ਤਾਂ ਸਾਨੂੰ ਕਾਲ ਕਰੋ ➤ ਡਾ. ਸਿੱਧੂ ਪੰਜਾਬੀ ਬੋਲਦੇ ਹਨ
➤ ਅਸੀਂ ਟਰੱਕ ਡਰਾਈਵਰਾਂ ਦਾ ਡਰੱਗ ਟੈਸਟ ਵੀ ਕਰਦੇ ਹਾਂ

ਜਿਥੇ ਪੰਜਾਬੀ ਸੱਭਿਅਚਾਰਕ ਮੇਲਿਆਂ ਦੇ ਬਾਬਾ ਬੋਹੜ, ਸ੍ਰੀਮਾਨ ਸਤਿਕਾਰਯੋਗ "ਜਗਦੇਵ ਸਿੰਘ ਜੱਸੋਵਾਲ" ਜੀ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਇਹ ਮੇਲਾ ਅਮਰੀਕਾ ਦੀ ਧਰਤੀ 'ਤੇ ਪਹਿਲੀ ਵਾਰ ਸ਼ੁਰੂ ਕੀਤਾ ਜਾ ਰਿਹਾ ਹੈ। ਤੁਹਾਡੇ ਸਹਿਯੋਗ ਦੀ ਬੇਹੱਦ ਲੋੜ ਹੈ, ਤੁਸੀਂ ਇਸ ਮੇਲੇ ਲਈ 4 ਅਤੇ 5 ਅਕਤੂਬਰ ਦਿਨ ਰਾਖਵੇਂ ਰੱਖਣੇ ਹਨ, ਉਥੇ ਹੀ ਪ੍ਰਬੰਧਕੀ ਕਾਰਜਾਂ ਵਿਚ ਵੀ ਤੁਹਾਡੇ ਸਹਿਯੋਗ ਦੀ ਬੇਹੱਦ ਲੋੜ ਹੈ। ਆਸ ਕਰਦੇ ਹਾਂ ਕਿ ਤੁਸੀਂ ਤਨ, ਮਨ, ਧਨ ਨਾਲ ਅੱਗੇ ਹੋ ਕੇ ਸਹਿਯੋਗ ਦੇਵੋਗੇ।





Statge Host by JASWANT SAAD

## 4 ਅਕਤੂਬਰ ਦਿਨ ਸ਼ਨੀਵਾਰ

ਪ੍ਰੋਗਰਾਮ ਦਾ ਆਗਾਜ਼ ਕਵੀਸ਼ਰ ਗੁਰਦੇਵ ਸਿੰਘ ਸਾਹੋਕੇ ਦਾ ਜੱਥੇ ਵੱਲੋਂ ਕੀਤਾ ਜਾਵੇਗਾ 11 ਵਜੇ ਤੋਂ ਸ਼ਾਮ 6 ਵਜੇ ਤੱਕ ਕਵੀ ਦਰਬਾਰ, ਹਾਕੀ, ਵਾਲੀਵਾਲ ਅਤੇ, ਗੱਤਕਾ, ਰੱਸਾ ਕਸੀ, ਰੈਸਲਿੰਗ, ਕਬੱਡੀ, ਸ਼ੋਅ ਮੈਚ ਅੰਡਰ 21 ਅਤੇ ਹੋਰ ਵੀ ਬਹੁਤ ਸਾਰੀਆਂ ਗੇਮਾਂ ਹੋਣਗੀਆਂ।





## 5 ਅਕਤੂਬਰ ਦਿਨ ਐਤਵਾਰ

ਢਾਡੀ ਜੱਥਾ ਗੁਰਨਾਮ ਸਿੰਘ ਭੰਡਾਲ, ਨਾਭੇ ਵਾਲੀਆਂ ਬੀਬੀਆਂ ਵੱਲੋਂ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਜਾਵੇਗੀ 10 ਵਜੇ ਤੋਂ 3 ਵਜੇ ਤੱਕ ਗਿੱਧਾ, ਭੰਗੜਾ ਚੋਟੀ ਦੀਆਂ ਟੀਮਾਂ ਵੱਲੋਂ ਪੇਸ਼ ਕੀਤਾ ਜਾਵੇਗਾ। 3 ਵਜੇ ਤੋਂ 6 ਵਜੇ ਤੱਕ ਗੀਤ, ਸੰਗੀਤ ਪ੍ਰੋਗਰਾਮ ਜਿਸ ਵਿਚ ਪੰਜਾਬੀਆਂ ਦੀ ਸ਼ਾਨ ਚੋਟੀ ਦੇ ਸਿੰਗਰ ਹਿੱਸਾ ਲੈਣਗੇ।




## ਬਾਅਦ ਦੁਪਹਿਰ ਗੀਤ ਸੰਗੀਤ ਪ੍ਰੋਗਰਾਮ ਹੋਵੇਗਾ ਜਿਸ ਵਿਚ ਚੋਟੀ ਦੇ ਸਿੰਗਰ ਹਿੱਸਾ ਲੈਣਗੇ



ਜਤਿੰਦਰ ਦੱਤ | ਅਮਰਜੀਤ ਲਾਲੀ | ਪੂਨਮ | ਸੁੱਖੀ | ਜੀਤਾ ਗਿੱਲ | ਚੰਦਰ | ਬੀਨਾ ਸਾਗਰ | ਤਰਸੇਮ ਅਟਵਾਲ ਮੰਗਜੀਤ ਮੰਗਾ



ਸਤਵਿੰਦਰ ਸੱਤੀ

**ਹੋਰ ਜਾਣਕਾਰੀ ਲਈ ਕਾਲ ਕਰੋ**

ਜਸਵੰਤ ਸਿੰਘ ਸੈਦੋਕੇ 209-271-5212 | ਮਨਜੀਤ ਕੌਰ 209-242-1356
ਰਵਿੰਦਰਜੀਤ ਸਿੰਘ ਗੋਗੀ 661-978-0183 | ਹਰਪਾਲ ਸਿੰਘ ਪਾਲਾ 510-734-2185

**ਮੀਡੀਆ ਸਪਾਂਸਰਜ਼:** ਪੰਜਾਬ ਐਕਸਪ੍ਰੈਸ ਨਿਊਜ਼, ਚੜ੍ਹਦੀਕਲਾ, ਪੰਜਾਬ ਨਿਊਜ਼, ਸਾਂਝੀ ਸੋਚ, ਦੇਸ਼ ਦੁਆਬਾ, ਇੰਡੋ ਅਮੈਰੀਕਨ ਟਾਈਮਜ਼

ਸਿਕਿਓਰਿਟੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ।

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥
ਸਾਧਨ ਮੇਂ ਰਵਿਦਾਸ ਸੰਤ ਹੈ ਸੁਪਚ ਰਿਸ਼ੀ ਸੋ ਮਾਨਿਆ॥ ਹਿੰਦੂ ਤੁਰਕ ਦੁਈ ਦੀਨ ਬਨੇ ਹੈ ਕਛੂ ਨਹੀਂ ਪਹਿਚਾਨਿਆ।






ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਕੈਲੀਫੋਰਨੀਆ)

## 6221- 16th Street, Rio Linda CA 95673

## Ph: 916-796-5003

## ਗੁਰੂ ਘਰ ਦਾ 23ਵਾਂ ਸਥਾਪਨਾ ਦਿਵਸ 2014

**ਗੁਰੂ ਪਿਆਰੀ ਸਾਧ ਸੰਗਤ ਜੀ**
**ਵਾਹਿਗੁਰੂ ਜੀ ਕਾ ਖਾਲਸਾ ! ਵਾਹਿਗੁਰੂ ਜੀ ਕੀ ਫਤਿਹ ! !**

ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਸੈਕਰਾਮੈਂਟੋ ਦਾ ਸਥਾਪਨਾ ਦਿਵਸ 5 ਅਕਤੂਬਰ ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਜਿਸ ਦੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਸੁਭਾਸ਼ ਬੰਗਾ ਅਤੇ ਅਵਤਾਰ ਸਿੰਘ ਜੱਸਲ ਪਰਿਵਾਰ ਵੱਲੋਂ ਕੀਤੀ ਜਾ ਰਹੀ ਹੈ। ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਤਿੰਨੇ ਦਿਨ ਗੁਰੂ ਘਰ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਜੀਵਨ ਨੂੰ ਸਫਲਾ ਕਰੋ ਜੀ।

**5 ਅਕਤੂਬਰ ਨੂੰ ਭੋਗ ਉਪਰੰਤ ਮਹਾਨ ਕੀਰਤਨਕਾਰ ਅਤੇ ਕਥਾਵਾਚਕ ਸੰਗਤਾਂ ਨੂੰ ਕੀਰਤਨ ਅਤੇ ਕਥਾ ਨਾਲ ਨਿਹਾਲ ਕਰਨਗੇ।**

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

**ਭਾਈ ਨਿਰਮਲ ਸਿੰਘ (916-410-9564) ਜਾਂ ਭਾਈ ਜਸਪਾਲ ਸਿੰਘ (916-274-9278)**

## ਪ੍ਰੋਗਰਾਮ

**ਆਰੰਭ ਸ੍ਰੀ ਅਖੰਡ ਪਾਠ ਸਾਹਿਬ**
**3 ਅਕਤੂਬਰ 2014, ਦਿਨ ਸ਼ੁੱਕਰਵਾਰ**

**ਗੁਰੂ ਕਾ ਲੰਗਰ ਅਤੁੱਟ ਵਰਤੇਗਾ**

**ਨਿਸ਼ਾਨ ਸਾਹਿਬ**
**4 ਅਕਤੂਬਰ 2014 ਦਿਨ ਸ਼ਨੀਵਾਰ ਸਮਾਂ 10:00 ਵਜੇ ਸਵੇਰੇ**

**5 ਅਕਤੂਬਰ ਦਿਨ ਐਤਵਾਰ ਨੂੰ ਸਵੇਰੇ 10 ਵਜੇ ਫਲੂ ਸ਼ਾਟ ਫਰੀ ਲਗਾਏ ਜਾਣਗੇ**

## ਜਾਰੀ ਕਰਤਾ ਸਮੂੰਹ ਸੰਗਤ ਅਤੇ ਪ੍ਰਬੰਧਕ ਕਮੇਟੀ

ਚੇਅਰਮੈਨ
ਜਸਵਿੰਦਰ ਬੰਗਾ

ਵਾਈਸ ਚੇਅਰਮੈਨ
ਦਰਸ਼ਨ ਵਿਰਕ

ਪ੍ਰਧਾਨ
ਜੋਗਿੰਦਰ ਚੁੰਬਰ

ਉਪ ਪ੍ਰਧਾਨ
ਸਤਨਾਮ ਮੰਢਾਲੀ, ਬਲਵਿੰਦਰ ਰੱਲ੍ਹ

ਸਟੇਜ ਸਕੱਤਰ
ਜੀਵਨ ਰੱਤੂ, ਰਾਜ ਕੁਮਾਰ ਸੂਦ

ਆਫਿਸ ਸੈਕਟਰੀ
ਰਾਜ ਸਿੰਘ ਬੱਧਣ

ਖਜਾਨਚੀ
ਸੁਰਿੰਦਰ ਮੱਲ

ਸਹਾਇਕ ਖਜਾਨਚੀ
ਇੰਦਰਜੀਤ ਪਡਵੱਡਾ
ਮਨਜੀਤ ਭਾਰਦਵਾਜ

ਪੀ. ਆਰ. ਓ. ਮੀਡੀਆ
ਜਸਵੰਤ ਸ਼ੀਮਾਰ

ਮੇਨਟੀਨੈਂਸ
ਕਰਨੈਲ ਵਿਰਕ, ਮਨਜੀਤ ਪਾਲ

ਰਸੋਈ ਮੈਨੇਜਰ
ਮੋਹਿੰਦਰ ਧਾਮੀ, ਚਮਨ ਲਾਲ



Raja SWEETS & CATERING
AUTHORIZED CATERER FOR MAJOR 5-STAR HOTELS
Raja Items Serving
ALL KINDS OF SWEETS
SNACKS
CHAAT STALL
NORTH INDIAN CUISINE
FLUDA KULFI STALL
ON SITE TANDOOR
Raja Catering Service
WEDDING CEREMONIES
RECEPTIONS
BIRTHADAY PARTIES
RELIGIOUS GATHERINGS
CORPORATE EVENTS
PICNICS / BAR-B-QUE
Raja Additional Service
WARMERS
CHAFFING DISHES
CHINA & SILVERWARE
LINEN RENTAL
WAITERS
BARTENDERS
Contact us
Raja Sweets & Catering
Work (510)489-9100 • Cell (510)715-1619
msbains@rajasweets.com • www.rajasweets.com
www.facebook.com/rajasweetsandcatering
www.twitter.com/RAJASWEETS




Kash FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ
ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ
ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ,
ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ
ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ
ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
BRIDAL
BOUTIQUE
JEWELRY
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
KASH FABRICS
ONE STOP SHOPPING CENTER
29576 Mission Blvd, Hayward, CA 94544
Visit us on the Web at www.kashfabrics.com
Phone: 510-538-1138




INDIA MARKET
INDIA MARKET
SWEETS & SPICES
ਤਾਜ਼ੀਆਂ ਸਬਜ਼ੀਆਂ ਅਤੇ
ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
Chaat Plate
Only for
$2.99
Chaat Papdi. Samosa
Chaat. Pani Puri. Dahi
Vada. Bhel Puri Chaat
ਭਾਰਤ ਦੇ ਆਜ਼ਾਦੀ ਦਿਵਸ ਤੇ ਇੰਡੀਆ ਮਾਰਕੀਟ ਵੱਲੋਂ ਫਰੀ ਚਾਟ ਦੀ ਸਟਾਲ ਲਗਾਈ ਗਈ
Music, Fabric, Artificial
Jewelry, Sweets, Fresh
Vegetables & more
We have the largest collection for
Indian, Fijian & Pakistani Grocery
The Threading queen
threading & HEENA TATTOOS
We accept EBT cards
Call for appointment
(916) 297-0150, (916) 316-8199
Eyebrow Threading &
Henna Tattoo (each hand)
Only for $ 5.00
(Regular $ 8.00)
Walk In Welcome
Mon-Sat 10am to 7 pm
1265 Pleasant Grove Blvd. # 100 Roseville, CA 95747
916-786-7666
5203 Elkhorn Blvd.Sacramento, CA 95842
916-338-5511




INDIA BAZAAR
THANKS FOR SHOPPING AT INDIA BAZAAR PLEASE COME AGAIN HAVE A GOOD DAY !
Jai Ram Gaught
Harjit Gaught (Happy)
Indian, Pakistani & Fijjian Groceries
We are open 7 DAYS A WEEK TIME : 9:00 A.M. TO 8:30 P.M.
WE ACCEPT FOOD STAMPS
RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES
Call to Happy- Cell : (209) 594-8473 Ph: (209) 478-0285 Fax : (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।
Email: indiabazaar08@yahoo.com
1304-E HAMMER LANE, Suite 12, STOCKTON CA, 95210